੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

ਰਹਿਤ ਪਿਆਰੀ ਮੁਝ ਕੋ ਸਿਖ ਪਿਆਰਾ ਨਾਹਿ ॥

# ਗੁਰਮਤਿ ਰਹਿਤ-ਮਰਯਾਦਾ

## (ਸੰਖੇਪ)

ਪ੍ਰਕਾਸ਼ਕ :

ਦਾਸਨਿ ਦਾਸ ਠਾਕੁਰ ਸਿੰਘ ਖ਼ਾਲਸਾ

ਦਮਦਮੀ ਟਕਸਾਲ (ਜਥਾ ਭਿੰਡਰਾਂ) ਮਹਿਤਾ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ ॥

ਰਹਿਤ ਪਿਆਰੀ ਮੁਝ ਕੋ ਸਿਖ ਪਿਆਰਾ ਨਾਹਿ ॥

# ਗੁਰਮਤਿ ਰਹਿਤ-ਮਰਯਾਦਾ

## (ਸੰਖੇਪ)

ਪ੍ਰਕਾਸ਼ਕ :

ਦਾਸਨਿ ਦਾਸ ਠਾਕੁਰ ਸਿੰਘ ਖ਼ਾਲਸਾ

ਦਮਦਮੀ ਟਕਸਾਲ (ਜਥਾ ਭਿੰਡਰਾਂ) ਮਹਿਤਾ

© ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

ਭੇਟਾ : ੫-੦੦

ਪ੍ਰਕਾਸ਼ਕ :

**ਸਚਖੰਡ ਵਾਸੀ ਸੰਤ ਗਿ: ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ**

ਉਤ੍ਰਾਧਿਕਾਰੀ ਸਚਖੰਡ ਵਾਸੀ ਸੰਤ ਗਿ: ਕਰਤਾਰ ਸਿੰਘ ਜੀ ਖ਼ਾਲਸਾ

ਦੇ ਜਾਨਸ਼ੀਨ ਸੰਤ ਗਿ: ਜਰਨੈਲ ਸਿੰਘ ਜੀ ਖ਼ਾਲਸਾ ਦੀ

**ਗ਼ੈਰਹਾਜ਼ਰੀ ਵਿਚ ਦਾਸਨਿ ਦਾਸ : ਠਾਕੁਰ ਸਿੰਘ ਖ਼ਾਲਸਾ**

ਦਮਦਮੀ ਟਕਸਾਲ (ਜਥਾ ਭਿੰਡਰਾਂ) ਮਹਿਤਾ

*ਪ੍ਰਿੰਟਰ :*

ਪ੍ਰਿੰਟਵੈੱਲ, 146 ਇੰਡ. ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਤਤਕਰਾ


| | | |
|---|---|---|
| ੧. | ਜਨਮ ਸੰਸਕਾਰ | ੭ |
| ੨. | ਵਿੱਦਿਆ ਸੰਸਕਾਰ | ੮ |
| ੩. | ਅੰਮ੍ਰਿਤ ਸੰਸਕਾਰ | ੧੦ |
| | ਅੰਮ੍ਰਿਤ ਦੀ ਸਮੱਗਰੀ ਤੇ ਛਕਾਉਣ ਵਾਲਿਆਂ ਦੀ ਸੁਧਾਈ | ੧੧ |
| | ਸੁਧਾਈ ਦੀ ਅਰਦਾਸ | ੧੩ |
| | ਅੰਮ੍ਰਿਤ ਅਭਿਲਾਖੀਆਂ ਦੀ ਸੁਧਾਈ | ੧੩ |
| | ਅੰਮ੍ਰਿਤ ਤਿਆਰ ਕਰਨ ਦੀ ਅਰਦਾਸ | ੧੫ |
| | ਅੰਮ੍ਰਿਤ ਤਿਆਰ ਕਰਨਾ | ੧੬ |
| | ਅੰਮ੍ਰਿਤ ਤਿਆਰ ਹੋਣ 'ਤੇ ਅਰਦਾਸ | ੧੭ |
| | ਅੰਮ੍ਰਿਤ ਛਕਾਉਣਾ | ੧੭ |
| | ਮੂਲ-ਮੰਤਰ ਤੇ ਗੁਰ-ਮੰਤਰ ਦ੍ਰਿੜ੍ਹਾਉਣਾ | ੧੮ |
| | ਪੰਜਾਂ ਪਿਆਰਿਆਂ ਵੱਲੋਂ ਸਿੱਖਿਆ | ੧੯ |
| | ਪੰਜ ਕਕਾਰ | ੨੨ |
| | ਚਾਰ ਬੱਜਰ ਕੁਰਹਿਤਾਂ | ੨੬ |
| | ਖਾਲਸੇ ਦੇ ਪੰਜ ਤਖ਼ਤ | ੩੨ |
| | ਚਾਰ ਧਾਮ | ੩੩ |
| | ਖਾਲਸੇ ਦੇ ਚਾਰ ਰੰਗ | ੩੩ |
| | ਪੰਜਾਂ ਦਾ ਵਿਸਾਹੁ ਨਹੀਂ ਕਰਨਾ | ੩੪ |
| | ਪੰਜਾਂ ਨਾਲ ਮੇਲ ਨਹੀਂ ਕਰਨਾ | ੩੭ |
| ੪. | ਅਨੰਦ ਕਾਰਜ ਸੰਸਕਾਰ | ੩੯ |
| ੫. | ਅੰਤਮ ਸੰਸਕਾਰ | ੫੨ |
| ੬. | ਗੁਰਬਾਣੀ ਦਾ ਅਦਬ ਅਤੇ ਰਾਗਮਾਲਾ | ੫੬ |
| ੭. | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਅਤੇ ਸਹਿਜ ਪਾਠ ਦੀ ਸੰਖੇਪ ਮਰਯਾਦਾ | ੬੨ |

ਜਿਨ ਭੈ ਅਦਬ ਨ ਬਾਣੀ ਧਾਰਾ ॥
ਜਾਨਹੁ ਸੋ ਸਿਖ ਨਹੀ ਹਮਾਰਾ ॥

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ ॥

# ਜਨਮ ਸੰਸਕਾਰ

ਜਦੋਂ ਵਾਹਿਗੁਰੂ ਦੀ ਬਖ਼ਸ਼ਿਸ਼ ਹੋਵੇ ਬੱਚਾ ਜਨਮ ਲਵੇ, ਉਸ ਵੇਲੇ ਸਭ ਤੋਂ ਪਹਿਲਾਂ ਉਸਨੂੰ 'ਵਾਹਿਗੁਰੂ' ਗੁਰਮੰਤਰ ਸੁਨਾਉਣਾ ਚਾਹੀਦਾ ਹੈ। ਦਾਈ ਵੀ ਸਿੱਖਣੀ ਹੋਵੇ ਜੋ ਕਿ ਗੁਰਸਿੱਖੀ ਦੇ ਸੰਸਕਾਰ ਬੱਚੇ ਨੂੰ ਪਾਵੇ। ਇਕ ਅੰਮ੍ਰਿਤਧਾਰੀ ਸਿੰਘ ਸਰਬ ਲੋਹ ਦਾ ਬਾਟਾ ਲੈ ਕੇ ਉਸ ਵਿਚ ਅੱਧਾ ਕੁ ਛਟਾਂਕ ਜਲ ਪਾ ਕੇ ਪੰਜ ਕੁ ਪਤਾਸੇ ਪਾ ਕੇ ਸਰਬ ਲੋਹ ਦੀ ਕ੍ਰਿਪਾਨ ਬਾਟੇ ਵਿਚ ਫੇਰਦਾ ਹੋਇਆ ਬੀਰ ਆਸਣ ਲਾ ਕੇ ਜਪੁਜੀ ਸਾਹਿਬ ਦਾ ਕੰਠੋਂ ਪਾਠ ਕਰੇ[1] ਅੰਮ੍ਰਿਤ ਤਿਆਰ ਕਰਕੇ ਬੱਚੇ ਦੇ ਮੂੰਹ ਵਿਚ ਪੰਜ ਬੂੰਦਾਂ ਕ੍ਰਿਪਾਨ ਦੀ ਨੋਕ ਨਾਲ ਪਾਵੇ। ਬਾਕੀ ਬਚਿਆ ਅੰਮ੍ਰਿਤ ਬੱਚੇ ਦੀ ਮਾਤਾ ਨੂੰ ਪਿਲਾ ਦਿੱਤਾ ਜਾਵੇ, ਇਹ ਖ਼ਾਲਸੇ ਦੀ ਗੁੜ੍ਹਤੀ ਹੈ। ਫੇਰ ਬੱਚੇ ਨੂੰ ਮਾਤਾ ਦਾ ਦੁੱਧ ਚੁੰਘਾਇਆ ਜਾਵੇ, ਜਿਸ ਕਰਕੇ ਬਾਲਕ ਸੂਰਬੀਰ, ਯੋਧਾ ਬਲੀ, ਭਗਤ, ਦਾਨੀ, ਉੱਚੇ ਜੀਵਨ ਵਾਲਾ ਗੁਰਸਿਖ ਬਣੇ। ਹੋਰ ਕਿਸੇ ਬ੍ਰਿਧ ਮਾਈ ਤੋਂ ਗੁੜ ਜਾਂ ਖੰਡ ਆਦਿਕ ਦੀ ਗੁੜ੍ਹਤੀ ਦਿਵਾਉਣੀ ਮਨ੍ਹਾਂ ਹੈ। ਰਖ, ਤਵੀਤ ਜਾਂ ਟੂਣੇ ਬੱਚੇ ਦੇ ਹੱਥ ਜਾਂ ਗਲ ਵਿਚ ਬੰਨ੍ਹਣੇ ਮਨ੍ਹਾਂ ਹਨ। ਸਗੋਂ ਸਾਰੇ ਬਿਘਨਾਂ ਦਾ ਨਾਸਕ ਸਰਬ ਲੋਹ ਦਾ ਕੜਾ ਬੱਚੇ ਦੇ ਹੱਥ ਪਾ ਦੇਣਾ ਚਾਹੀਦਾ ਹੈ। ਬੱਚੇ ਦੇ ਜਨਮ ਸਮੇਂ ਸ਼ਰਾਬ ਪੀਣੀ, ਕੁੱਕੜ, ਬੱਕਰੇ ਵੱਢਣੇ ਮਹਾਂ ਪਾਪ ਹੈ। ਬਾਅਦ ਵਿਚ ਦੇਗ ਕਰਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸ ਕਰਕੇ ਹੁਕਮਨਾਮੇ ਦੇ ਪਹਿਲੇ ਅੱਖਰ ਤੋਂ ਬੱਚੇ ਦਾ ਨਾਮ ਰੱਖਿਆ ਜਾਵੇ। ਜੇ ਹੋ ਸਕੇ ਤਾਂ ਉਸੇ ਦਿਨ ਤੋਂ ਘਰ ਵਿਚ ਸਹਿਜ ਪਾਠ ਕੀਤਾ ਜਾਵੇ। ਪਾਠ ਦਾ ਬੱਚੇ ਅਤੇ ਬੱਚੇ ਦੀ ਮਾਤਾ ਨੂੰ ਸੁਣਾ ਕੇ ਭੋਗ ਪਾਇਆ ਜਾਵੇ, ਯਥਾ ਸ਼ਕਤਿ ਗੁਰੂ ਦੀਆਂ ਸੰਗਤਾਂ ਨੂੰ ਗੁਰੂ ਕਾ ਲੰਗਰ ਤਿਆਰ ਕਰਕੇ ਛਕਾਇਆ ਜਾਵੇ।

---

੧. ਜਪੁਜੀ ਸਾਹਿਬ ਦਾ ਪਾਠ ਅਰੰਭ ਕਰਨ ਵੇਲੇ ਅਤੇ ਸਮਾਪਤੀ ਵੇਲੇ ਅਰਦਾਸ ਕਰਨੀ ਜ਼ਰੂਰੀ ਹੈ।

# ਵਿੱਦਿਆ ਸੰਸਕਾਰ

**ਗੁਰਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵਹਿ ਮਾਨੁ ॥**

*(ਪੰਨਾ ੧੩੨੯)*

ਮਾਤਾ ਪਿਤਾ ਨੂੰ ਚਾਹੀਦਾ ਹੈ ਕਿ ਆਪਣੇ ਬੱਚਿਆਂ ਨੂੰ ਵਿੱਦਿਆ ਜ਼ਰੂਰ ਪੜ੍ਹਾਉਣ। ਉਹ ਮਾਪੇ ਵੱਡੇ ਦੁਸ਼ਮਣ ਹੁੰਦੇ ਹਨ ਜੋ ਔਲਾਦ ਨੂੰ ਵਿੱਦਿਆ ਨਹੀਂ ਪੜ੍ਹਾਉਂਦੇ :

**ਬਹੁ ਗੁਨੀ ਅਲਾਵਹਿੰ ਸੁਤ ਨ ਪਢਾਵਹਿੰ ਸੋ ਸ਼ਤਰੂ ਸਮ ਤਾਤ॥**
**ਸ਼ੋਭਾ ਨਹਿੰ ਪਾਵਹਿ ਮਤਿ ਨਹਿੰ ਆਵਹਿ ਜਗ ਮੈਂ ਇਹ ਬਖ੍ਯਾਤ॥**

*(ਸ੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਬਾਰਧ ੬, ਜਿਲਦ ੨, ਪੰਨਾ ੧੭੨)*

ਜਦੋਂ ਬੱਚਾ ਪੜ੍ਹਨ ਯੋਗ ਹੋ ਜਾਵੇ ਉਸ ਨੂੰ ਸਕੂਲੇ ਪਾ ਦੇਣਾ ਚਾਹੀਦਾ ਹੈ। ਬੱਚੇ ਨੂੰ ਸਕੂਲ ਜਾਂ ਕਾਲਜ ਦੀ ਵਿੱਦਿਆ ਉਥੋਂ ਪੜ੍ਹਾਉ, ਜਿਥੇ ਉਹ ਆਪਣੀ ਪੂਰੀ ਰਹਿਤ ਰੱਖ ਸਕੇ। ਗੁਰਸਿੱਖੀ ਜੀਵਨ ਵਿਚ ਪ੍ਰਪੱਕ ਹੋ ਸਕੇ। ਵਿੱਦਿਆ ਦੋ ਤਰ੍ਹਾਂ ਦੀ ਹੈ : ਇਕ ਵਿਵਹਾਰਿਕ ਤੇ ਦੂਜੀ ਅਧਿਆਤਮਕ। ਕੇਵਲ ਵਿਵ-ਹਾਰਕ ਵਿੱਦਿਆ, ਬ੍ਰਹਮ-ਵਿੱਦਿਆ ਬਿਨਾਂ ਅਧੂਰੀ, ਫੋਕੀ, ਰਸਹੀਣੀ ਤੇ ਨਿਸਫਲ ਹੈ। ਇਹ ਜਨਮ ਸਫਲਾ ਨਹੀਂ ਕਰਦੀ ਸਗੋਂ ਅਹੰਕਾਰ ਪੈਦਾ ਕਰਕੇ ਨਾਸਤਕ ਬਣਾ ਕੇ ਜੂਨਾਂ ਵਿਚ ਭਟਕਣ ਦਾ ਕਾਰਨ ਹੀ ਬਣ ਜਾਂਦੀ ਹੈ।

ਗੁਰਮੁਖੀ ਅੱਖਰ, ਬ੍ਰਹਮ-ਵਿੱਦਿਆ (ਭਾਵ ਗੁਰਬਾਣੀ) ਕਿਸੇ ਤਿਆਰ-ਬਰ-ਤਿਆਰ ਦ੍ਰਿੜ੍ਹ ਨਿਸ਼ਚੇ ਵਾਲੇ ਸਿੰਘ ਪਾਸੋਂ ਹੀ ਪੜ੍ਹਾਉਣੀ ਚਾਹੀਦੀ ਹੈ।

**ਗੁਰਮੁਖ ਅੱਖਰ ਜੋ ਹੈ ਭਾਈ॥ ਸਿੰਘ, ਸਿੰਘ ਤੇ ਸੀਖੇ ਜਾਈ॥**

*(ਰਹਿਤਨਾਮਾ ਭਾਈ ਦੇਸਾ ਸਿੰਘ ਜੀ, ਪੰਨਾ ੧੪੯)*

ਗੁਰਬਾਣੀ ਬੇ-ਅੰਮ੍ਰਿਤੀਏ, ਨਿਗੁਰੇ ਕੋਲੋਂ ਨਹੀਂ ਪੜ੍ਹਾਉਣੀ। ਜਿਸ ਸਿੰਘ

ਦਾ ਗੁਰਬਾਣੀ ਤੇ ਦ੍ਰਿੜ੍ਹ ਨਿਸ਼ਚਾ ਹੈ ਉਸ ਤੋਂ ਗੁਰਬਾਣੀ ਪੜ੍ਹ ਕੇ ਗੁਰਮਤਿ ਵਿਚ ਮਨ ਪ੍ਰਪੱਕ ਹੁੰਦਾ ਹੈ। ਬੱਚੇ ਨੂੰ ਕੁਰੀਤੀਆਂ ਜਾਂ ਕੁਸੰਗਤ ਵੱਲ ਨਹੀਂ ਜਾਣ ਦੇਣਾ ਚਾਹੀਦਾ। ਗੰਦੇ ਸਿਨਮੇ, ਗੰਦੇ ਰੀਕਾਰਡ, ਤਾਸ਼, ਜੂਆ, ਗੰਦੀਆਂ ਬੋਲੀਆਂ ਤੇ ਚੋਰੀ ਯਾਰੀ ਆਦਿਕ ਵੱਲੋਂ ਰੋਕ ਕੇ ਰੱਖਣਾ ਚਾਹੀਦਾ ਹੈ।

**ਦੋਹਰਾ: ਸਿੱਖ ਸਿੱਖਣੀ ਮਿਲ ਬਹਹਿੰ ਚਰਚਾ ਕਰਹਿ ਅਪਾਰ॥**
**ਭਜਨ ਸਿਖਾਵਹਿ ਪੁਤ੍ਰ ਕਉ ਹਰਿ ਭਜ ਬਾਰੰਬਾਰ॥**

*(ਰਹਿਤਨਾਮਾ ਭਾਈ ਸਾਹਿਬ ਸਿੰਘ ਜੀ, ਪੰਨਾ ੧੬੦)*

ਮਾਤਾਵਾਂ ਆਪਣਾ ਜੀਵਨ ਉੱਚਾ ਰੱਖਣ। ਧਾਰਮਕ ਜੀਵਨ ਵਿਚ ਦ੍ਰਿੜ੍ਹ ਹੋਣ, ਹਰ ਰੋਜ਼ ਨਿਤਨੇਮ ਉਪਰੰਤ ਗੁਰਦੁਆਰੇ ਸਾਹਿਬ ਕਥਾ ਕੀਰਤਨ ਸੁਣਨ ਅਤੇ ਨਾਲ ਛੋਟੇ ਬੱਚਿਆਂ ਨੂੰ ਵੀ ਲਿਜਾਣ। ਛੋਟੀ ਅਵਸਥਾ ਵਿਚ ਬੱਚੇ ਦੇ ਮਨ ਉਪਰ ਜੋ ਸੰਸਕਾਰ ਪੈ ਜਾਣ ਉਹ ਪੱਥਰ 'ਤੇ ਲਕੀਰ ਵਾਂਗ ਹਿਰਦੇ ਵਿਚ ਉਕਰੇ ਜਾਂਦੇ ਹਨ। ਉਹ ਸਮੁੱਚੇ ਜੀਵਨ ਦੀ ਨੀਂਹ ਹੁੰਦੀ ਹੈ। ਛੋਟੀ ਉਮਰ ਵਿਚ ਧਾਰਮਿਕ ਪਾਸੇ ਵੱਲ ਦ੍ਰਿੜ੍ਹਤਾ ਨਾਲ ਪ੍ਰਪੱਕ ਹੋ ਜਾਵੇ ਤਾਂ ਬੱਚਾ ਅਵੱਸ਼ ਹੀ ਧਾਰਮਿਕ, ਦਾਨੀ, ਸੂਰਮਾ, ਭਗਤ, ਯੋਧਾ, ਬਲੀ ਹੋਵੇਗਾ। ਬੱਚਿਆ ਨੂੰ ਛੋਟੀ ਉਮਰ ਵਿਚ ਹੀ ਸਤਿਗੁਰਾਂ ਦੇ ਅਥਵਾ ਸ਼ਹੀਦਾਂ, ਸੂਰਬੀਰਾਂ, ਸੰਤਾਂ, ਭਗਤਾਂ ਦੇ ਜੀਵਨ ਪੜ੍ਹਾਏ ਜਾਣ ਅਤੇ ਸੁਣਾਏ ਜਾਣ, ਤਾਂ ਨਿਸ਼ਚੇ ਹੀ ਉਹਨਾਂ ਬੱਚਿਆਂ ਦਾ ਜੀਵਨ ਉੱਚਾ ਸੁੱਚਾ ਹੋਵੇਗਾ।

# ਅੰਮ੍ਰਿਤ ਸੰਸਕਾਰ

**ਅੰਮ੍ਰਿਤ :** ਮ੍ਰਿਤੂ ਭਾਵ ਮੌਤ ਤੋਂ ਰਹਿਤ ਕਰਨ ਵਾਲੀ ਜੰਮਣ ਮਰਨ ਤੋਂ ਬਚਾਉਣ ਵਾਲੀ ਗੁਰੂ ਦੀ ਬਖਸ਼ੀ ਦਾਤ ਹੈ:

**ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ॥**

*(ਪੰਨਾ ੪੯੬)*

ਸਤਿਗੁਰੂ ਜੀ ਨੇ ਮਿੱਠਾ ਅੰਮ੍ਰਿਤ ਤੇ ਕੜਾਹ ਪ੍ਰਸ਼ਾਦਿ ਛਕਾ ਕੇ ਸਭ ਤੋਂ ਵੱਡੀ ਬਖ਼ਸ਼ਿਸ਼ ਕੀਤੀ ਹੈ। ਗੁਰੂ ਘਰ ਵਿਚ ਖੰਡੇ ਦੀ ਪਾਹੁਲ ਦੇ ਕੇ ਨਵਾਂ ਜੀਵਨ ਮਾਈਆਂ ਭਾਈਆਂ ਨੂੰ ਬਖਸ਼ਿਆ ਹੈ।

**ਚਹੁੰ ਜੁਗਾਂ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ॥**

*(ਪੰਨਾ ੭੯੭)*

ਜਾਤ ਪਾਤ, ਇਸਤ੍ਰੀ, ਮਰਦ, ਗ਼ਰੀਬ ਅਮੀਰ ਸਭ ਭੇਦ ਮੇਟ ਕੇ,

**ਸਤਿਗੁਰੁ ਮੇਰਾ ਮਾਰਿ ਜੀਵਾਲੈ॥** *(ਪੰਨਾ ੧੧੪੨)*

ਦੇ ਵਾਕ ਅਨੁਸਾਰ, ਪੰਜਾਂ ਪਿਆਰਿਆਂ ਦੇ ਸੀਸ ਤਲਵਾਰ ਨਾਲ ਝਟਕਾ ਕੇ, ਆਤਮਿਕ ਸ਼ਕਤੀ ਨਾਲ ਸੁਰਜੀਤ ਕਰਕੇ, ਇਕੋ ਬਾਟੇ ਵਿਚ ਅੰਮ੍ਰਿਤ ਛਕਾ ਕੇ ਪੰਜ ਪਿਆਰੇ ਸਾਜੇ। ਫਿਰ ਸਭ ਤੋਂ ਪਹਿਲਾਂ ਉਹਨਾਂ ਪੰਜਾਂ ਪਿਆਰਿਆਂ ਤੋਂ ਜਾਚਨਾ ਕਰਕੇ ਆਪ ਵੀ ਅੰਮ੍ਰਿਤ ਛਕਿਆ।

**ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ।**
**ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।** *(ਵਾਰ ੪੧)*

ਅੱਗੇ ਵਾਸਤੇ ਸਦਾ ਲਈ ਇਹ ਮਰਯਾਦਾ ਕਾਇਮ ਕਰ ਦਿੱਤੀ ਕਿ ਪੰਜ ਪਿਆਰੇ ਹੀ ਅੰਮ੍ਰਿਤ ਛਕਾ ਕੇ, ਗੁਰ-ਮੰਤ੍ਰ ਬਖਸ਼ ਕੇ ਗੁਰੂ ਵਾਲਾ ਬਣਾਇਆ

ਕਰਨਗੇ ਕੋਈ ਇਕੱਲਾ ਦੁਕੱਲਾ ਨਹੀਂ। ਅੰਮ੍ਰਿਤ ਛਕੇ ਤੋਂ ਬਿਨਾਂ ਕੋਈ ਵੀ ਗੁਰੂ ਵਾਲਾ ਨਹੀਂ ਹੋ ਸਕਦਾ। ਨਿਗੁਰੇ ਦਾ ਨਾਮ ਲੈਣਾ ਵੀ ਬੁਰਾ ਹੈ:

**ਯਥਾ : ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ॥**

*(ਪੰਨਾ ੪੩੫)*

ਜਦੋਂ ਬੱਚਾ ਬੱਚੀ ਰਹਿਤ ਰੱਖਣ ਦੇ ਯੋਗ ਹੋ ਜਾਣ ਤਾਂ ਉਹਨਾਂ ਨੂੰ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕਾਉਣਾ ਜ਼ਰੂਰੀ ਹੈ। ਬੀਬੀ ਜਾਂ ਭੁਜੰਗੀ ਜਿਸ ਵਕਤ ਅੰਮ੍ਰਿਤ ਪਾਨ ਕਰਨ ਤਾਂ ਇਸ ਗੱਲ ਦਾ ਖ਼ਾਸ ਖ਼ਿਆਲ ਰੱਖਣ ਕਿ ਜਦੋਂ ਉਹਨਾਂ ਦੀ ਸ਼ਾਦੀ ਹੋਵੇ ਤਾਂ ਉਹ ਬੇ-ਅੰਮ੍ਰਿਤੀਏ ਨਾਲ ਸ਼ਾਦੀ ਨਾ ਕਰਾਉਣ। ਇਹ ਜ਼ੁੰਮੇਵਾਰੀ ਉਹ ਆਪ ਲੈਣ ਜਾਂ ਉਹਨਾਂ ਦੇ ਮਾਤਾ ਪਿਤਾ ਆਦਿਕ ਸੰਬੰਧੀ ਲੈਣ, ਤਾਂ ਉਹ ਅੰਮ੍ਰਿਤ ਪਾਨ ਕਰਨ। ਇਸੇ ਤਰ੍ਹਾਂ ਜਿੰਨ੍ਹਾਂ ਦੀ ਸ਼ਾਦੀ ਹੋਈ ਹੋਵੇ, ਜੇ ਇਕੱਲੇ ਜੀਅ ਨੇ ਅੰਮ੍ਰਿਤ ਪਾਨ ਕੀਤਾ ਹੋਵੇ ਤਾਂ ਉਹ ਓਨਾ ਚਿਰ ਆਪਸ ਵਿਚ ਸਰੀਰਕ ਸਬੰਧ ਨਾ ਕਰਨ, ਜਿਤਨਾ ਚਿਰ ਦੋਵੇਂ ਅੰਮ੍ਰਿਤ ਨਾ ਛਕ ਲੈਣ। ਦੋਨਾਂ ਦਾ ਆਪਸ ਵਿਚ ਸਬੰਧ ਹੋਣ ਕਰਕੇ ਉਹਨਾਂ ਦੀ ਰਹਿਤ ਨਹੀਂ ਰਹਿੰਦੀ। ਜਿਸ ਤਰ੍ਹਾਂ ਜੂਠੇ ਭਾਂਡੇ ਨਾਲ ਲੱਗ ਕੇ ਸੁੱਚਾ ਭਾਂਡਾ ਵੀ ਜੂਠਾ ਹੋ ਜਾਂਦਾ ਹੈ। ਦੋਵੇਂ ਜੀਅ ਪਤੀ ਪਤਨੀ ਨੇ ਇਕੱਠਿਆਂ ਅੰਮ੍ਰਿਤ ਪਾਨ ਕਰਨਾ ਹੈ, ਜਿਸ ਕਰਕੇ ਅੰਮ੍ਰਿਤ ਦੀ ਰਹਿਤ ਰਹਿ ਸਕੇ। ਸ਼ਾਦੀਸ਼ੁਦਾ ਇਕੱਲੇ ਪ੍ਰਾਣੀ ਨੂੰ ਅੰਮ੍ਰਿਤ ਛਕਣ ਦੀ ਆਗਿਆ ਨਹੀਂ ਹੈ। ਜੇ ਕੋਈ ਇਕੱਲਾ ਅੰਮ੍ਰਿਤ ਪਾਨ ਕਰੇ ਤਾਂ ਉਪਰੋਕਤ ਨਿਯਮ ਨਿਭਾਵੇ।

## ਅੰਮ੍ਰਿਤ ਦੀ ਸਮੱਗਰੀ ਤੇ ਛਕਾਉਣ ਵਾਲਿਆਂ ਦੀ ਸੁਧਾਈ

ਅੰਮ੍ਰਿਤ ਛਕਾਉਣ ਵਾਲਿਆਂ ਦਾ ਜੀਵਨ ਤੱਤ ਖ਼ਾਲਸੇ ਵਾਲਾ ਉੱਚਾ ਸੁੱਚਾ ਹੋਵੇ, ਅੰਮ੍ਰਿਤ ਛਕਾਉਣ ਵਾਲੇ ਸਿੰਘ ਤਿਆਰ-ਬਰ-ਤਿਆਰ ਹੋਣ। ਇਕ ਪਹਿਰੇਦਾਰ ਹੋਵੇ, ਤਿਆਰ-ਬਰ-ਤਿਆਰ ਦੋ ਸਿੰਘ ਕੜਾਹ ਪ੍ਰਸ਼ਾਦਿ ਦੀ ਦੇਗ਼ ਤਿਆਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਲੈ ਆਉਣ ਅਤੇ ਅਨੰਦੁ ਸਾਹਿਬ (ਚਾਲ੍ਹੀ ਪਉੜੀਆਂ) ਦਾ ਸੰਪੂਰਨ ਪਾਠ ਕਰਨ। ਸਾਰੇ ਬਰਤਨ, ਬਾਟੇ, ਬਾਲਟੀ, ਗੜਵਾ, ਕੜਾਹੀ, ਪਲਟਾ, ਖੰਡਾ, ਸਰਬ ਲੋਹ ਦੇ ਹੋਣ, ਪੱਥਰ ਦਾ ਸੁਨਹਿਰਾ, ਦੋ ਵੱਡੀਆਂ ਸ੍ਰੀ ਸਾਹਿਬਾਂ (ਸਰਬ ਲੋਹ ਦੀਆਂ ਹੋਣ) ਅਤੇ ਸਾਰੇ

ਸਾਫ਼ ਰੇਤ ਨਾਲ ਮਾਂਜ ਕੇ ਸ਼ੁੱਧ ਕਰਨੇ ਚਾਹੀਦੇ ਹਨ। ਪੰਜ ਪਿਆਰੇ ਅਤੇ ਗ੍ਰੰਥੀ ਸਿੰਘ ਵੀ ਆਪਣੀਆਂ ਗਾਤਰੇ ਵਾਲੀਆਂ ਕ੍ਰਿਪਾਨਾਂ ਅਤੇ ਕੜੇ ਮਾਂਜ ਕੇ ਸਾਫ਼ ਕਰਨ ਅਤੇ ਪੰਜ ਇਸ਼ਨਾਨਾਂ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਜਾਣ, ਸਣੇ ਕੇਸੀ ਇਸ਼ਨਾਨ ਕੀਤਾ ਹੋਵੇ ਅਤੇ ਬਸਤ੍ਰ ਵੀ ਧੋਤੇ ਹੋਣੇ ਚਾਹੀਦੇ ਹਨ। ਪੰਜ ਪਿਆਰਿਆਂ ਦੀ ਸੇਵਾ ਵਿਚ ਲੱਗਣ ਵਾਲਿਆਂ ਦਾ ਨਿੱਜੀ ਜੀਵਨ ਭਜਨ ਸਿਮਰਨ ਵਾਲਾ ਤੇ ਹਰ ਪੱਖ ਤੋਂ ਬਹੁਤ ਉੱਚਾ ਹੋਵੇ।

ਭਾਈ ਚਉਪਾ ਸਿੰਘ ਜੀ ਰਹਿਤਨਾਮੇ ਵਿਚ ਲਿਖਦੇ ਹਨ, ਗੁਰੂ ਕਾ ਸਿਖ ਪਾਹੁਲ ਲਏ, ਤਾਂ ਸੁਚੇਤ ਰਹੇ। ਭਜਨਵਾਨ, ਬੁਧਿਵਾਨ ਦੇ ਹੱਥੀਂ ਲਏ। ਕਾਣਾ, ਗੰਜਾ, ਕੋੜ੍ਹਾ ਨਾ ਹੋਵੇ। ਗੰਦ ਵਾਕੀਆ, ਅਣਦਾੜ੍ਹੀਆ, ਬਦਕਰਮੀ, ਚੋਰ ਯਾਰ, ਜੂਆਰੀ ਵਿਕਾਰੀ ਨਾ ਹੋਵੇ। ਜਿਸ ਦੇ ਹੱਥੋਂ ਗੁਰਦੀਖਿਆ ਲਈਦੀ ਹੈ ਤਿਸਦੇ ਕਰਮਾਂ ਨਾਲ ਹਿੱਸਾ ਹੋਂਦਾ ਹੈ ਲੈਣ ਵਾਲੇ ਦਾ, ਤਾਂ ਤੇ ਸੁਚੇਤ ਪਾਸੋਂ ਦੀਖਿਆ ਲਏ।"

ਅੰਮ੍ਰਿਤ ਦੀ ਸੇਵਾ ਵਿਚ ਲੱਗਣ ਤੋਂ ਪਹਿਲਾਂ ਪੰਜ ਪਿਆਰੇ ਤੇ ਗ੍ਰੰਥੀ ਸਿੰਘ ਬਸਤਰ ਸਾਫ਼ (ਸਵੱਛ) ਪਹਿਨਣ, ਚੋਲੇ ਖੱਟੇ, ਨੀਲੇ ਜਾਂ ਚਿੱਟੇ ਇਕ ਰੰਗ ਦੇ ਹੀ ਪਹਿਨਣ। ਕ੍ਰਿਪਾਨਾਂ ਚੋਲਿਆਂ ਦੇ ਉਪਰ ਦੀ ਕਰਕੇ ਕਮਰ-ਕਸੇ ਕਰਕੇ, ਗਲ ਵਿਚ ਪਰਨੇ ਪਾ ਕੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਉਣ। ਗਾਤਰਾ ਚੰਮ ਦਾ ਨਾ ਹੋਵੇ। ਪਹਿਰੇਦਾਰ ਹਰ ਵੇਲੇ ਤਿਆਰ-ਬਰ-ਤਿਆਰ ਅਤੇ ਰਹਿਤ ਵਿਚ ਪ੍ਰਪੱਕ ਹੋਣਾ ਚਾਹੀਦਾ ਹੈ। ਪੰਜ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਮੱਥਾ ਟੇਕ ਕੇ ਖੜੇ ਹੋਣ ਅਤੇ ਛੇਵਾਂ ਸਿੰਘ ਸਤਿਗੁਰੂ ਜੀ ਦੇ ਸਨਮੁੱਖ ਨਿੰਮ੍ਰਤਾ ਸਹਿਤ ਮੱਥਾ ਟੇਕ ਕੇ ਦੋਵੇਂ ਹੱਥ ਜੋੜ ਕੇ ਖੜਾ ਹੋਵੇ। ਜਥੇਦਾਰ ਆਪਣੇ ਸੱਜੇ ਹੱਥ ਵਿਚ ਵੱਡੀ ਸਿਰੀ ਸਾਹਿਬ ਤੇ ਖੱਬੇ ਹੱਥ ਵਿਚ ਚੌਰ ਲੈ ਕੇ ਛੇਵੇਂ ਸਿੰਘ ਨੂੰ ਪੁੱਛੇ ਕਿ ਆਪ ਪੰਜਾਂ ਪਿਆਰਿਆਂ ਵਿਚ ਅੰਮ੍ਰਿਤ ਛਕਾਉਣ ਦੀ ਸੇਵਾ ਵਿਚ ਲੱਗਣ ਲੱਗੇ ਹੋ। ਆਪ ਤਿਆਰ-ਬਰ-ਤਿਆਰ ਹੋ ? ਭਾਵ ਪੰਜਾਂ ਕਕਾਰਾਂ ਦੀ ਰਹਿਤ ਰੱਖਦੇ ਹੋ ? ਚਾਰ ਬੱਜਰ ਕੁਰਹਿਤਾਂ ਤੋਂ ਬਚੇ ਹੋ ? ਪੰਜਾਂ ਬਾਣੀਆਂ ਦਾ ਨਿਤਨੇਮ ਕਰਦੇ ਹੋ ? ਜੇ ਸਿੰਘ ਗ੍ਰਿਹਸਤੀ ਹੋਵੇ ਤਾਂ ਪੁੱਛਣਾ ਕਿ ਆਪ ਜੀ ਦੀ ਸਿੰਘਣੀ ਰਹਿਤ ਮਰਿਯਾਦਾ ਵਿਚ ਤਿਆਰ-ਬਰ-ਤਿਆਰ ਹੈ ? ਤਾਂ ਉਹ ਹੱਥ ਜੋੜ ਕੇ ਸਤਿਗੁਰੂ ਜੀ ਦੇ ਸਨਮੁਖ ਚਿਹਰਾ ਕਰਕੇ ਦੱਸੇ, "ਕਿ ਸਤਿਗੁਰਾਂ ਦੀ ਕ੍ਰਿਪਾ ਨਾਲ ਰਹਿਤ 'ਚ ਤਿਆਰ-ਬਰ-ਤਿਆਰ ਹਾਂ। ਚਾਰ ਬੱਜਰ ਕੁਰਹਿਤਾਂ ਤੋਂ

ਸਤਿਗੁਰੂ ਜੀ ਨੇ ਬਚਾ ਕੇ ਰੱਖਿਆ ਹੈ, ਪੰਜ ਬਾਣੀਆਂ ਦਾ ਨਿਤਨੇਮੀ ਹਾਂ। ਸਰੀਰ ਕਰ ਕੇ ਤਿਆਰ-ਬਰ-ਤਿਆਰ ਹਾਂ। ਮਨ ਕਰਕੇ ਸਦਾ ਭੁੱਲਣਹਾਰ ਹਾਂ। ਜੇ ਗ੍ਰਿਹਸਤੀ ਹੈ ਤਾਂ ਦੱਸੇ ਕਿ ਸਿੰਘਣੀ ਵੀ ਤਿਆਰ-ਬਰ-ਤਿਆਰ ਹੈ। ਸੁਧਾਈ ਹੋਣ ਉਪ੍ਰੰਤ ਉਹ ਪਹਿਲਾ ਸਿੰਘ ਪੰਜਾਂ ਦੀ ਏਸੇ ਪ੍ਰਕਾਰ ਆਪਣੇ ਹੱਥ ਦੇ ਹਿਸਾਬ ਨਾਲ ਸੱਜੇ ਪਾਸੇ ਤੋਂ ਖੱਬੇ ਪਾਸੇ ਨੂੰ (ਪੁੱਛਦਾ ਜਾਏ) ਸੁਧਾਈ ਕਰੇ। ਇਹਨਾਂ ਛਿਆਂ ਵਿਚੋਂ ਇਕ ਗ੍ਰੰਥੀ ਸਿੰਘ ਦੀ ਸੇਵਾ ਵਿਚ ਲੱਗੇ।

***ਨੋਟ :*** ਪੰਜਾਂ ਪਿਆਰਿਆਂ ਵਿਚ ਲੱਗਣ ਵਾਲਿਆਂ ਸਿੰਘਾਂ ਨੂੰ ਪੰਜ ਬਾਣੀਆਂ ਕੰਠ ਹੋਣੀਆਂ ਜ਼ਰੂਰੀ ਹਨ। ਜੈਕਾਰਾ ਸਿਰਫ਼ ਪਿਛਲੀ ਅਰਦਾਸ 'ਤੇ ਗਜਾਉਣਾ।

## ਸੁਧਾਈ ਦੀ ਅਰਦਾਸ

ਫਿਰ ਪੰਜ ਪਿਆਰੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਖੜੇ ਹੋ ਕੇ ਅਰਦਾਸ ਕਰਨ, 'ਸਤਿਗੁਰੂ ਮਹਾਰਾਜ ਜੀ ਪੰਜਾਂ ਪਿਆਰਿਆਂ ਤੇ ਗ੍ਰੰਥੀ ਸਿੰਘ ਦੀ ਸੁਧਾਈ ਕੀਤੀ ਗਈ ਹੈ, ਭੁੱਲਾਂ ਚੁੱਕਾਂ ਦੀ ਮੁਆਫ਼ੀ ਬਖ਼ਸ਼ੋ; ਅੰਮ੍ਰਿਤ ਛਕਾਉਣ ਦੀ ਸੇਵਾ ਵਿਚ ਲੱਗਣ ਦੇ ਯੋਗ ਬਣਾਉ।"

## ਅੰਮ੍ਰਿਤ ਅਭਿਲਾਖੀਆਂ ਦੀ ਸੁਧਾਈ

ਅੰਮ੍ਰਿਤ ਅਭਿਲਾਖੀ ਸਿੰਘ ਸਿੰਘਣੀਆਂ, ਸਣੇ ਕੇਸੀ ਇਸ਼ਨਾਨ ਕਰਕੇ, ਸਾਫ਼ ਸਾਦੇ ਬਸਤਰ ਪਹਿਨ ਕੇ, ਪੰਜਾਂ ਕਕਾਰਾਂ ਸਹਿਤ, ਕ੍ਰਿਪਾਨ ਗਾਤਰੇ ਵਾਲੀ ਉਪਰ ਕਰਕੇ, ਵਾਰੀ ਵਾਰੀ ਹਜ਼ੂਰੀ ਵਿਚ ਆਉਣ। ਜੇ ਅਨੰਦ ਕਾਰਜ ਹੋਇਆ ਹੋਵੇ ਤਾਂ ਸਿੰਘ ਸਿੰਘਣੀ ਦੋਵੇਂ ਇਕੱਠੇ ਆਉਣ। ਮੱਥਾ ਟੇਕ ਕੇ ਹੱਥ ਜੋੜ ਕੇ ਸਿੰਘ ਸੱਜੇ ਹੱਥ ਤੇ ਸਿੰਘਣੀ ਖੱਬੇ ਖੜੀ ਹੋਵੇ। ਪੰਜਾਂ ਪਿਆਰਿਆਂ ਵਿਚੋਂ ਜਥੇਦਾਰ ਸੱਜੇ ਹੱਥ ਵਿਚ ਨੰਗੀ ਸ੍ਰੀ ਸਾਹਿਬ ਲੈ ਕੇ ਪੁੱਛੇ ਕਿ ਭਾਈ ਕਿਵੇਂ ਆਏ ਹੋ ? ਅੰਮ੍ਰਿਤ ਅਭਿਲਾਖੀ ਹੱਥ ਜੋੜ ਕੇ ਕਹੇ। ਜੀ ਅੰਮ੍ਰਿਤ ਛਕਣ ਵਾਸਤੇ ਆਇਆ ਹਾਂ; ਕਿਰਪਾ ਕਰਕੇ ਅੰਮ੍ਰਿਤ ਦੀ ਦਾਤ ਬਖ਼ਸ਼ੋ। ਜਥੇਦਾਰ ਪੁੱਛੇ, "ਰਹਿਤ ਵਿਚ ਤਿਆਰ-ਬਰ-ਤਿਆਰ ਰਹੋਗੇ ?" ਅੰਮ੍ਰਿਤ ਅਭਿਲਾਖੀ ਨਿੰਮ੍ਰਤਾ ਸਹਿਤ ਆਖੇ ਕਿ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਤਿਆਰ-ਬਰ-ਤਿਆਰ ਰਹਾਂਗਾ।

ਤਾਂ ਜਥੇਦਾਰ ਕਹੇ ਕਿ ਸੀਸ ਗੁਰੂ ਕਾ ਸਮਝਣਾ, ਸਦਾ ਪੰਥ ਦੀ ਜਥੇਬੰਦੀ ਵਿਚ ਰਹਿਣਾ, ਗੁਰੂ ਪੰਥ ਤੋਂ ਕਦੇ ਵੀ ਉਲਟ ਨਹੀਂ ਹੋਣਾ। ਅੱਜ ਤੋਂ ਤਨ, ਮਨ, ਧਨ ਸਤਿਗੁਰੂ ਜੀ ਦਾ ਸਮਝਣਾ ਹੈ। ਧਰਮ ਦੀ ਕਿਰਤ ਵਿਚੋਂ ਦਸਵੰਧ ਗੁਰੂ ਨੂੰ ਅਰਪਣ ਕਰਨਾ, ਰਹਿਤ ਵਿਚ ਤਿਆਰ-ਬਰ-ਤਿਆਰ ਰਹਿਣਾ ਹੈ। ਜੇ ਕੋਈ ਦੁਬਾਰਾ ਅੰਮ੍ਰਿਤ ਛਕਣ ਆਇਆ ਹੋਵੇ ਤਾਂ ਜਥੇਦਾਰ ਪੁੱਛੇ ਕਿ ਕੀ ਕੁਰਹਿਤ ਹੋਈ ਹੈ ? ਦੁਬਾਰਾ ਅੰਮ੍ਰਿਤ ਕਿਉਂ ਛਕਦੇ ਹੋ ? ਦੁਬਾਰਾ ਅੰਮ੍ਰਿਤ ਛਕਣ ਵਾਲਾ ਜੋ ਜੋ ਗ਼ਲਤੀ ਹੋਈ ਹੋਵੇ ਬਿਨਾਂ ਕਿਸੇ ਝਿਜਕ ਦੇ ਸੱਚੋ ਸੱਚ ਦੱਸੇ ਕਿ ਮੈਥੋਂ ਇਹ ਗ਼ਲਤੀ (ਕੁਰਹਿਤ) ਹੋਈ ਹੈ। ਕੁਰਹਿਤ ਕਰਨ ਵਾਲੇ ਨੂੰ ਪੰਜ ਪਿਆਰੇ ਮਿਲ ਕੇ ਸਰਬ ਸੰਮਤੀ ਨਾਲ ਯੋਗ ਤਨਖ਼ਾਹ (ਸਜ਼ਾ) ਲਾਉਣ ਅਤੇ ਉਸ ਦੀ ਗ਼ਲਤੀ ਦੀ ਮੁਆਫ਼ੀ ਵਾਸਤੇ ਅਰਦਾਸ ਕਰਨ ਤੇ ਅੰਮ੍ਰਿਤ ਛਕਾਉਣ।

***ਨੋਟ :*** (ਮੁਆਫ਼ੀ ਦੀ ਅਰਦਾਸ ਆਖ਼ਰੀ ਅਰਦਾਸ ਨਾਲ ਇਕੱਠੀ ਕਰਨੀ)

ਪੰਜ ਪਿਆਰਿਆਂ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਯੋਗ ਤਨਖ਼ਾਹ (ਸਜ਼ਾ) ਲੁਆ ਕੇ ਵੱਡੀ ਤੋਂ ਵੱਡੀ ਕੁਰਹਿਤ (ਗੁਨਾਹ ਜਾਂ ਅਪਰਾਧ) ਮੁਆਫ਼ ਹੋ ਸਕਦੀ ਹੈ। ਉਸ ਨੂੰ ਦਰਗਾਹ ਵਿਚ ਧਰਮਰਾਜ ਵਲੋਂ ਸਜ਼ਾ ਨਹੀਂ ਮਿਲਦੀ। ਜੇ ਗ਼ਲਤੀ ਇਥੇ ਨਾ ਦੱਸੀ ਜਾਵੇ ਤਾਂ ਉਸ ਦੀ ਸਜ਼ਾ ਦਰਗਾਹ ਵਿਚ ਭੁਗਤਣੀ ਪੈਂਦੀ ਹੈ ਜੋ ਕਿ ਕਈ ਜਨਮ ਟੇਢੀਆਂ ਜੂਨਾਂ ਵਿਚ ਭਟਕਣ ਦਾ ਕਾਰਨ ਬਣ ਸਕਦੀ ਹੈ। ਦੁਬਾਰਾ ਅੰਮ੍ਰਿਤ ਛਕਣ ਵਾਲਾ ਉਹ ਸਿੰਘ ਜਾਂ ਸਿੰਘਣੀ ਪੰਜਾਂ ਪਿਆਰਿਆਂ ਰਾਹੀਂ ਲੱਗੀ ਤਨਖ਼ਾਹ ਨੂੰ ਸਿਰ-ਮੱਥੇ ਤੇ ਮੰਨ ਕੇ ਹੱਥ ਜੋੜ ਕੇ ਸਵੀਕਾਰ ਕਰੇ। ਕੁਰਹਿਤ ਕਰਨ ਵਾਲਾ ਜਿੰਨਾ ਚਿਰ ਤਨਖ਼ਾਹ ਪੂਰੀ ਨਹੀਂ ਕਰਦਾ, ਆਪਣੇ ਆਪ ਨੂੰ ਦੰਡ ਦਾ ਭਾਗੀ ਸਮਝੇ ਅਤੇ ਉਨ੍ਹਾਂ ਚਿਰ ਆਪਣੇ ਔਗੁਣ ਮਿਟੇ ਨਾ ਸਮਝੇ। ਸਾਰੀ ਤਨਖ਼ਾਹ ਪੂਰੀ ਕਰਕੇ ਕੜਾਹ ਪ੍ਰਸ਼ਾਦਿ ਦੀ ਦੇਗ਼ ਕਰਾ ਕੇ ਅਰਦਾਸ ਕਰੇ। ਫਿਰ ਉਹ ਆਪਣੇ ਆਪ ਨੂੰ ਬਖ਼ਸ਼ਿਆ ਸਮਝੇ ਤਾਂ ਉਹ ਅੰਮ੍ਰਿਤ ਛਕਾਉਣ ਦੀ ਸੇਵਾ ਵਿਚ ਵੀ ਲੱਗ ਸਕਦਾ ਹੈ। ਪਹਿਲੀ ਵਾਰ ਅੰਮ੍ਰਿਤ ਛਕਣ ਵਾਲਿਆਂ ਨੂੰ ਕੋਈ ਤਨਖ਼ਾਹ ਨਹੀਂ ਲਾਉਣੀ। ਹਰ ਅੰਮ੍ਰਿਤਧਾਰੀ ਸਿੰਘ ਵਾਸਤੇ ਜ਼ਰੂਰੀ ਹੈ ਕਿ ਉਹ ਆਪਣੀ ਸਿੰਘਣੀ ਨੂੰ ਜ਼ਰੂਰੀ ਖੰਡੇ ਬਾਟੇ ਦਾ ਅੰਮ੍ਰਿਤ ਛਕਾਵੇ।

ਭਾਈ ਚਉਪਾ ਸਿੰਘ ਜੀ ਛਿੱਬਰ; ਤਨਖਾਹਨਾਮੇ ਵਿਚ ਲਿਖਦੇ ਹਨ; ਜੋ ਸਿਖ ਸਿਖਣੀ ਨੂੰ ਖੰਡੇ ਦੀ ਪਾਹੁਲ ਨਾ ਦੇਵੇ ਸੋ ਤਨਖਾਹੀਆ। (ਪੰਨਾ ੧੧੭) ਅੰਮ੍ਰਿਤ ਛਕਣ ਵਾਲੇ ਸਭ ਸਿੰਘਾਂ ਦੇ ਦਾੜ੍ਹੇ ਪ੍ਰਕਾਸ਼ ਕੀਤੇ ਹੋਣ ਭਾਵ ਖੁੱਲੇ ਹੋਣ।

ਦਸਤਾਰੇ ਵੀ ਇਕ ਇਕ ਪੇਚ ਕਰਕੇ ਨੀਲੇ, ਕਾਲੇ, ਖੱਟੇ ਜਾਂ ਚਿੱਟੇ ਰੰਗ ਦੇ ਸਜਾਏ ਹੋਣ ਅਤੇ ਪਜਾਮਾ ਤੇ ਘੜੀ ਆਦਿ ਨਾ ਪਹਿਨੇ ਹੋਣ। ਮਾਈਆਂ ਦੇ ਹੱਥ, ਕੰਨ ਨੱਕ ਆਦਿ ਵਿਚ ਕੋਈ ਵੀ ਗਹਿਣਾ ਨਾ ਪਾਇਆ ਹੋਵੇ ਤੇ ਗੁੱਤ ਮੀਢੀਆਂ ਆਦਿ ਨਾ ਗੁੰਦੀਆਂ ਹੋਣ, ਜੂੜਾ ਕੀਤਾ ਹੋਵੇ। ਫਿਰ ਵੀ ਸਾਰੀ ਉਮਰ ਏਸੇ ਤਰ੍ਹਾਂ ਰਹਿਣਾ ਹੈ।

ਜਦੋਂ ਸਾਰਿਆਂ ਦੀ ਸੁਧਾਈ ਹੋ ਜਾਵੇ ਤਾਂ ਸਾਰੇ ਹੀ ਅੰਮ੍ਰਿਤ ਅਭਿਲਾਖੀ ਹੱਥ ਜੋੜ ਕੇ ਸਤਿਗੁਰਾਂ ਦੀ ਹਜ਼ੂਰੀ ਵਿਚ ਖੜੇ ਹੋਣ ਤਾਂ ਉਹਨਾਂ ਤੋਂ ਜਥੇਦਾਰ ਸਮੁੱਚੇ ਤੌਰ 'ਤੇ ਫਿਰ ਪੁੱਛੇ ਕਿ ਸਾਰਿਆਂ ਨੇ ਸਣੇ ਕੇਸੀ ਇਸ਼ਨਾਨ ਕੀਤੇ ਹਨ ? ਸਾਰਿਆਂ ਪਾਸ ਕੰਘੇ, ਕੜੇ, ਕਛਹਿਰੇ, ਕਿਰਪਾਨਾਂ ਹਨ ? ਜਦ ਪੂਰੀ ਤਿਆਰੀ ਹੋਵੇ ਤਾਂ ਜਥੇਦਾਰ ਜੀ ਦੱਸਣ ਕਿ ਜਿੰਨਾ ਚਿਰ ਅੰਮ੍ਰਿਤ ਦਾ ਬਾਟਾ ਤਿਆਰ ਹੋਵੇ, ਅੰਮ੍ਰਿਤ ਅਭਿਲਾਖੀ ਓਨਾ ਚਿਰ ਖੜੇ ਰਹਿਣ, ਪੰਜ ਬਾਣੀਆਂ ਦਾ ਪਾਠ ਸੁਣਦੇ ਰਹਿਣ ਅਤੇ ਨਿਗ੍ਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰੱਖਣ। ਜੇ ਕਿਸੇ ਦੇ ਸਰੀਰ ਨੂੰ ਕੋਈ ਤਕਲੀਫ਼ ਹੋਵੇ ਤਾਂ ਉਹ ਬੈਠ ਜਾਵੇ। ਗੱਲਾਂ ਨਹੀਂ ਕਰਨੀਆਂ। ਮਨ ਵਿਚ ਸ਼ਰਧਾ ਭਾਵਨਾ, ਭੈਅ ਤੇ ਪ੍ਰੇਮ ਹੋਵੇ ਕਿ ਸਾਡੇ ਤੇ ਗੁਰੂ ਜੀ ਦੀ ਕਿਰਪਾ ਹੋਣ ਲੱਗੀ ਹੈ। ਜੰਮਣ ਮਰਨ ਮਿਟਣ ਲੱਗਾ ਹੈ।

## ਅੰਮ੍ਰਿਤ ਤਿਆਰ ਕਰਨ ਦੀ ਅਰਦਾਸ

ਪਵਿੱਤਰਤਾ ਵਾਸਤੇ ਬਾਟਾ, ਖੰਡਾ ਅਤੇ ਸੁਨਹਿਰਾ (ਕੂੰਡਾ) ਧੋ ਕੇ ਉੱਨ ਦਾ ਬੂਰਾ (ਕੰਬਲ) ਵਿਛਾ ਕੇ, ਉਪਰ ਪੱਥਰ ਦਾ ਸੁਨਹਿਰਾ ਰੱਖ ਕੇ ਉਸ ਉੱਤੇ ਸਰਬ ਲੋਹ ਦਾ ਬਾਟਾ, ਵਿਚ ਸਰਬ ਲੋਹ ਦਾ ਖੰਡਾ ਰੱਖ ਕੇ ਖੂਹ, ਦਰਿਆ, ਟਿਊਬਵੈਲ ਜਾਂ ਰਬੜ ਦੀ ਬੋਕੀ ਵਾਲੇ ਨਲਕੇ ਦਾ ਜਲ ਪੁਣ ਕੇ ਪਾਇਆ ਜਾਵੇ।[1]

ਉਪ੍ਰੰਤ ਪੰਜ ਪਿਆਰੇ ਅਰਦਾਸ ਕਰਨ ਕਿ ਸੱਚੇ ਪਾਤਸ਼ਾਹ ਜੀ, ਪੰਜ ਪਿਆਰੇ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਵਾਸਤੇ ਆਪ ਜੀ ਦੀ ਹਜ਼ੂਰੀ ਵਿਚ ਹਾਜ਼ਰ ਹਨ। ਆਪ ਜੀ ਆਪਣੇ ਬਚਨਾਂ ਅਨੁਸਾਰ ਪੰਜਾਂ ਪਿਆਰਿਆਂ ਵਿਚ ਪ੍ਰਵੇਸ਼ ਹੋ ਕੇ ਮਨ ਦੀ ਇਕਾਗਰਤਾ ਨਾਲ ਪੰਜ ਬਾਣੀਆਂ ਦਾ ਸ਼ੁਧ ਪਾਠ ਪੜ੍ਹਾ ਕੇ ਨਿਰਵਿਘਨਤਾ ਸਹਿਤ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਦੀ ਆਗਿਆ ਬਖ਼ਸ਼ੋ।

---

੧. ਨਲਕੇ ਦੀ ਨਾਲ ਜਾਂ ਟਿਊਬਵੈੱਲ ਦੀ ਨਾਲ ਦਾ ਮੂੰਹ ਮਾਂਜ ਕੇ ਜਲ ਵਰਤਣਾ।

# ਅੰਮ੍ਰਿਤ ਤਿਆਰ ਕਰਨਾ

ਅਰਦਾਸ ਕਰਨ ਉਪ੍ਰੰਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਤੋਂ ਗ੍ਰੰਥੀ ਸਿੰਘ ਹੁਕਮਨਾਮਾ ਲਵੇ, ਮੱਥਾ ਟੇਕ ਕੇ ਅੰਮ੍ਰਿਤ ਅਭਿਲਾਖੀ ਖੜੇ ਹੋ ਜਾਣ। ਨਿਗ੍ਹਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵੱਲ ਰੱਖਣ। ਹੱਥ ਜੋੜੇ ਹੋਣ, ਪੜ੍ਹੀ ਜਾਣ ਵਾਲੀ ਬਾਣੀ ਧਿਆਨ ਨਾਲ ਸੁਣਨ। ਗੱਲਾਂ ਨਾ ਕਰਨ, ਨਾ ਏਧਰ ਉਧਰ ਫਿਰਨ।

ਪੰਜ ਪਿਆਰੇ ਬੀਰ ਆਸਣ (ਸੱਜਾ ਗੋਡਾ ਖੜ੍ਹਾ, ਖੱਬਾ ਥੱਲੇ) ਲਾ ਕੇ ਬੈਠਣ ਅਤੇ ਸਾਫ਼ ਕੀਤੇ ਪਤਾਸੇ ਪੰਜੇ ਸਿੰਘ ਵਾਰੀ ਵਾਰੀ ਬਾਟੇ ਵਿਚ ਪਾਉਣ।[1]

ਸਤਿਗੁਰੂ ਜੀ ਦੇ ਸੱਜੇ ਪਾਸੇ ਵੱਲੋਂ ਸੱਜੇ ਹੱਥ ਖੰਡਾ ਇਸ ਪ੍ਰਕਾਰ ਫੜਿਆ ਜਾਵੇ ਕਿ ਚਾਰ ਉਂਗਲਾਂ ਮੁੱਠ ਨੂੰ ਅਤੇ ਅੰਗੂਠਾ ਉਪਰ ਹੋਵੇ। ਖੱਬੇ ਹੱਥ ਨਾਲ ਵੱਡੀ ਸ੍ਰੀ ਸਾਹਿਬ ਉਪਰੋਂ ਮੋਢੇ ਨਾਲ ਲਾ ਕੇ ਅਤੇ ਮੁੱਠ ਬਾਟੇ ਦੇ ਕੰਢੇ ਉਤੇ ਰੱਖੇ। ਬਾਣੀ ਅਰੰਭ ਕਰਨ ਤੋਂ ਪਹਿਲਾਂ ਗ੍ਰੰਥੀ ਸਿੰਘ ਨੂੰ ਕਹੇ ਕਿ ਨਿਗ੍ਹਾ ਬਾਟੇ ਵਿਚ ਰੱਖੇ ਅਤੇ ਨਾਲ ਨਾਲ ਸਾਰੀ ਬਾਣੀ ਗੁਪਤ ਪੜ੍ਹੇ। ਪਹਿਲਾ ਸਿੰਘ ਨਿਗ੍ਹਾ ਬਾਟੇ ਵਿਚ ਰੱਖ ਕੇ ਜਪੁਜੀ ਸਾਹਿਬ ਦਾ ਕੰਠੋਂ ਪਾਠ ਉੱਚੀ ਸੁਰ ਵਿਚ ਕਰੇ, ਸੱਜੇ ਹੱਥ ਨਾਲ ਖੰਡਾ ਬਾਟੇ ਵਿਚ ਫੇਰੀ ਜਾਵੇ। ਬਾਕੀ ਚਾਰ ਪਿਆਰੇ ਬਾਟੇ ਨਾਲ ਦੋਵੇਂ ਹੱਥ ਲਾ ਕੇ ਨਿਗ੍ਹਾ ਬਾਟੇ ਵਿਚ ਰੱਖ ਕੇ, ਨਾਲ ਨਾਲ ਬਾਣੀ ਮੂੰਹ ਵਿਚ ਪੜ੍ਹਨ। ਬਾਣੀ ਸੰਪੂਰਨ ਹੋਣ ਤੋਂ ਸਾਰੇ ਸੀਸ ਝੁਕਾ ਕੇ ਫ਼ਤਹਿ ਗਜਾਉਣ। ਫੇਰ ਦੂਜੇ ਸਿੰਘ ਨੂੰ ਖੰਡਾ ਫੜਾਉਣ ਲੱਗਿਆਂ ਉਸ ਦੇ ਹੱਥ ਵਿਚ ਫੜਾਉਣਾ ਅਤੇ ਅੰਮ੍ਰਿਤ ਤੋਂ ਬਾਹਰ ਨਹੀਂ ਕੱਢਣਾ। ਕ੍ਰਿਪਾਨ ਵੀ ਬਾਟੇ ਨਾਲ ਲੱਗੀ ਹੀ ਫੜਾਉਣੀ। ਦੂਜਾ ਸਿੰਘ ਜਾਪੁ ਸਾਹਿਬ ਪੜ੍ਹੇ, ਤੀਜਾ ਸਿੰਘ ਤ੍ਵਪ੍ਰਸਾਦਿ ਸਵਯੇ (ਸ੍ਰਾਵਗ ਸੁਧ ਸਮੂਹ ਸਿਧਾਨ ਕੇ) ਪੜ੍ਹੇ। ਚੌਥਾ ਸਿੰਘ ਕਬਿਯੋ ਬਾਚ ਬੇਨਤੀ ਚੌਪਈ (ਤੀਰ ਸਤੁੱਦ੍ਰਵ ਗ੍ਰੰਥ ਸੁਧਾਰਾ) ਤੱਕ ਉਪ੍ਰੰਤ ਸਵੈਯਾ (ਪਾਂਇ ਗਹੇ ਜਬ ਤੇ ਤੁਮਰੇ) ਉਪ੍ਰੰਤ ਦੋਹਰਾ (ਸਗਲ ਦੁਆਰ ਕਉ ਛਾਡਿ ਕੈ) ਪੜ੍ਹੇ। ਪੰਜਵਾਂ ਸਿੰਘ ਅਨੰਦੁ ਸਾਹਿਬ ਸੰਪੂਰਨ (ਚਾਲੀ ਪਉੜੀਆਂ) ਪੜ੍ਹੇ। ਹਰ ਇਕ ਬਾਣੀ ਦੀ ਸਮਾਪਤੀ ਤੋਂ ਉਪ੍ਰੰਤ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਫ਼ਤਹਿ' ਬੁਲਾਉਣੀ। ਬਾਣੀ ਪੜ੍ਹਦਿਆਂ ਗੱਲ ਉੱਕਾ ਹੀ ਨਹੀਂ ਕਰਨੀ। ਨਿਗ੍ਹਾ ਪਾਸੇ ਨਹੀਂ ਕਰਨੀ, ਆਲਸ ਨਾ ਆਵੇ।

---

੧. ਪਤਾਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਲਿਆਉਣ ਤੋਂ ਪਹਿਲਾਂ ਚੰਗੀ ਤਰ੍ਹਾਂ ਫਰੋਲ ਕੇ ਵੇਖਣੇ ਜ਼ਰੂਰੀ ਹਨ।

ਪੰਜਾਂ ਪਿਆਰਿਆਂ ਦੀ ਨਿਗ੍ਹਾ ਦਸ ਨੇਤਰਾਂ ਰਾਹੀਂ ਦਸਾਂ ਪਾਤਸ਼ਾਹੀਆਂ ਦੀ ਨਿਗ੍ਹਾ ਪੈਣੀ ਹੈ ਅਤੇ ਬਾਟੇ ਨਾਲ ਹੱਥ ਲਾਉਣ ਦਾ ਵੀ ਭਾਵ ਇਹ ਹੈ ਕਿ ਦਸਾਂ ਸਤਿਗੁਰਾਂ ਦੇ ਪਵਿੱਤਰ ਹੱਥ ਬਾਟੇ ਨਾਲ ਲੱਗੇ ਹਨ।

## ਅੰਮ੍ਰਿਤ ਤਿਆਰ ਹੋਣ ਤੇ ਅਰਦਾਸ

ਅੰਮ੍ਰਿਤ ਤਿਆਰ ਹੋਣ ਤੇ ਪੰਜ ਪਿਆਰੇ ਬਾਟੇ ਨੂੰ ਹੱਥਾਂ 'ਤੇ ਚੁੱਕ ਕੇ ਖੜੇ ਹੋਣ। ਬਾਟੇ ਵਿਚ ਖੰਡਾ ਫੇਰਦਿਆਂ ਜਥੇਦਾਰ ਅਰਦਾਸ ਕਰੇ ਕਿ 'ਸਤਿਗੁਰੂ ਸੱਚੇ ਪਾਤਸ਼ਾਹ ਜੀ ਆਪ ਜੀ ਦੀ ਕ੍ਰਿਪਾ ਨਾਲ ਪੰਜਾਂ ਪਿਆਰਿਆਂ ਨੇ ਪੰਜ ਬਾਣੀਆਂ ਪੜ੍ਹ ਕੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਹੈ। ਬਾਣੀ ਪੜ੍ਹਦਿਆਂ, ਅੰਮ੍ਰਿਤ ਤਿਆਰ ਕਰਦਿਆਂ ਅਨੇਕਾਂ ਗ਼ਲਤੀਆਂ ਹੋਈਆਂ ਹੋਣਗੀਆਂ, ਆਪ ਜੀ ਕ੍ਰਿਪਾ ਕਰ ਕੇ ਮੁਆਫ਼ੀ ਬਖ਼ਸ਼ੋ! ਅੰਮ੍ਰਿਤ ਵਿਚ ਆਪਣੀ ਆਕਰਖਣ ਸ਼ਕਤੀ ਭਰ ਕੇ ਅੰਮ੍ਰਿਤ ਛਕਣ ਵਾਲੇ ਪ੍ਰੇਮੀਆਂ ਦਾ ਜਨਮ ਮਰਨ ਕੱਟੋ ਅਤੇ ਰਹਿਤ ਰਖਾਉ, ਗੁਰਸਿੱਖੀ ਦੀ ਦਾਤ ਬਖ਼ਸ਼ੋ। ਅਰਦਾਸ ਕਰਕੇ ਬਾਟਾ ਸੁਨਹਿਰੇ ਉੱਤੇ ਰੱਖ ਕੇ ਉਪਰ ਰੁਮਾਲਾ ਪੰਜਾਂ ਪਿਆਰਿਆਂ ਨੇ ਫੜੀ ਰੱਖਣਾ ਅੰਮ੍ਰਿਤ ਅਭਿਲਾਖੀਆਂ ਨੂੰ ਬਿਠਾ ਦੇਣਾ। ਉਪ੍ਰੰਤ ਗ੍ਰੰਥੀ ਸਿੰਘ ਹੁਕਮਨਾਮਾ ਲਵੇ।

## ਅੰਮ੍ਰਿਤ ਛਕਾਉਣਾ

ਭੂਰੇ ਉਪਰ ਮੇਜ਼ ਰੱਖ ਕੇ ਉਪਰ ਸੁਨਹਿਰਾ ਅਤੇ ਉਪਰ ਅੰਮ੍ਰਿਤ ਵਾਲਾ ਬਾਟਾ ਰੱਖਿਆ ਜਾਵੇ। ਹੋਰ ਦੋ ਸਰਬ ਲੋਹ ਦੇ ਬਾਟੇ ਥੱਲੇ ਰੱਖ ਕੇ ਵਾਰੀ ਵਾਰੀ ਇਕ ਇਕ ਕਰਕੇ, ਮਾਈਆਂ ਅਤੇ ਸਿੰਘਾਂ ਨੂੰ ਵੱਖ ਵੱਖ ਕਰ ਕੇ ਬੀਰ ਆਸਣ ਬੈਠਾ ਕੇ, ਖੱਬੇ ਹੱਥ ਉਤੇ ਸੱਜਾ ਹੱਥ ਰਖਾ ਕੇ, ਅੰਮ੍ਰਿਤ ਛਕਾਉਣ ਵਾਲਾ ਪਿਆਰਾ ਬੁੱਕ ਨਾਲ ਅੰਮ੍ਰਿਤ ਦਾ ਚੁਲਾ ਪਾਵੇ ਅਤੇ ਅਭਿਲਾਖੀ ਪ੍ਰੇਮ ਨਾਲ ਛਕੇ, ਉਸ ਮੌਕੇ ਅੰਮ੍ਰਿਤ ਛਕਾਉਣ ਵਾਲਾ ਕਹੇ—'ਬੋਲ 'ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ।' ਅੰਮ੍ਰਿਤ ਅਭਿਲਾਖੀ ਅੰਮ੍ਰਿਤ ਛਕ ਕੇ ਅਦਬ ਨਾਲ ਬੋਲੇ, ਵਾਹਿਗੁਰੂ ਜੀ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥ ਸ੍ਰੀ ਅਤੇ ਬੋਲ ਸ਼ਬਦ ਨਾ ਬੋਲੇ। ਏਸੇ ਪ੍ਰਕਾਰ ਪਿਆਰਾ ਅੰਮ੍ਰਿਤ ਦੇ ਪੰਜ ਚੁਲੇ ਮੁੱਖ ਵਿਚ, ਪੰਜ ਵਾਰ ਨੇਤ੍ਰਾਂ ਵਿਚ ਅਤੇ ਪੰਜ ਵਾਰ ਸੀਸ ਵਿਚ ਪਾ ਕੇ, ਨਾਲ ਨਾਲ ਗੁਰ ਫ਼ਤਹਿ ਗਜਾਵੇ।

'ਗੁਰੂ ਕਾ ਸਿਖ, ਸਿਖ ਨੂੰ ਪਾਹੁਲ ਦੇਵਣ ਲਗੇ ਤਾਂ ਗੁਰ ਦੀਖਿਆ ਦੀ ਮ੍ਰਿਜਾਦਾ ਹੈ ਪੰਜ ਚੁਲੇ ਰਸਨੀਂ ਚੜ੍ਹਾਏ ਸੀਸ, ਨੇਤ੍ਰੀ....।' (ਰਹਿਤਨਾਮਾ ਭਾਈ ਚਉਪਾ ਸਿੰਘ ਜੀ ਛਿੱਬਰ ਪੰਨਾ ੯੧) ਅੰਮ੍ਰਿਤ ਛਕ ਕੇ ਹਰ ਇਕ ਸਿੰਘ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਮੱਥਾ ਟੇਕ ਕੇ ਫਿਰ ਸਾਰੀ ਸੰਗਤ ਨੂੰ ਬੜੇ ਅਦਬ ਨਾਲ 'ਵਾਹਿਗੁਰੂ ਜੀ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਬੁਲਾਵੇ। ਜਦੋਂ ਸਾਰੇ ਅੰਮ੍ਰਿਤ ਛਕ ਲੈਣ ਤਾਂ ਸਾਰਿਆਂ ਨੂੰ ਇਕ ਪੰਗਤ ਵਿਚ ਖੜੇ ਕਰਕੇ (ਦੋ ਪਿਆਰੇ ਹੱਥ ਵਿਚ ਬਾਟਾ ਫੜ ਕੇ ਛਕਣ ਵਾਲਿਆਂ ਦੇ ਦੋਵੇਂ ਹੱਥ ਬਾਟੇ ਨਾਲ ਲਵਾ ਕੇ) ਅੰਮ੍ਰਿਤ ਦੇ ਦੋ ਦੋ ਘੁਟ ਛਕਾਈ ਜਾਣ, ਜੇ ਅੰਮ੍ਰਿਤ ਬਚ ਜਾਵੇ ਤਾਂ ਥੋੜ੍ਹਾ ਥੋੜ੍ਹਾ ਕਰਕੇ ਸਾਰਿਆਂ ਨੂੰ ਦੁਬਾਰਾ ਛਕਾ ਦਿੱਤਾ ਜਾਵੇ। ਜੇ ਕੋਈ ਅੰਮ੍ਰਿਤਧਾਰੀ ਸੂਖਮ ਗਲਤੀ ਵਾਲਾ ਹੋਵੇ ਤਾਂ ਉਸਨੂੰ ਯੋਗ ਤਨਖ਼ਾਹ ਲਾ ਕੇ ਚੂਲ਼ਾ ਦਿੱਤਾ ਜਾਵੇ। ਤਨਖ਼ਾਹ-ਭਾਂਡੇ ਮਾਂਜਣੇ, ਜੋੜੇ ਝਾੜਨੇ, ਲੰਗਰ ਦੀ ਸੇਵਾ ਆਦਿ ਕੋਈ ਵੀ ਹੋ ਸਕਦੀ ਹੈ। ਜੇਕਰ ਪੰਜ ਪਿਆਰੇ ਚਾਹੁਣ ਤਾਂ ਗੁਰਬਾਣੀ ਦਾ ਪਾਠ ਜਾਂ ਜਾਪ ਕਰਨ ਦੀ ਤਨਖ਼ਾਹ ਲਾਉਣ। ਅੰਮ੍ਰਿਤਧਾਰੀ ਸਿੰਘ ਦੇ ਛੋਟੇ ਬੱਚੇ ਜਾਂ ਗੋਦੀ ਦੇ ਬੱਚਿਆਂ ਨੂੰ ਵੀ ਚੂਲ਼ੇ ਦਿੱਤੇ ਜਾਣੇ ਚਾਹੀਦੇ ਹਨ, ਉਹਨਾਂ ਨੂੰ ਬੇਅੰਮ੍ਰਿਤੀਏ ਦਾ ਜੂਠਾ ਨਹੀਂ ਖਾਣ ਦੇਣਾ ਚਾਹੀਦਾ।

***ਨੋਟ :*** ਜੇ ਬਹੁਤੇ ਸਿੰਘ ਅੰਮ੍ਰਿਤ ਛਕਣ ਵਾਲੇ ਹੋਣ ਤਾਂ ਦੋ ਤੋਂ ਵੱਧ ਬਾਟੇ ਵੀ ਰੱਖੇ ਜਾ ਸਕਦੇ ਹਨ।

## ਮੂਲ-ਮੰਤਰ ਤੇ ਗੁਰ-ਮੰਤਰ ਦ੍ਰਿੜ੍ਹਾਉਣਾ

ਪੰਜ ਪਿਆਰੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਤਾਬਿਆ ਵਿਚ ਖੜੇ ਹੋ ਕੇ ਸਾਰੇ ਅੰਮ੍ਰਿਤ ਛਕ ਚੁੱਕੇ ਸਿੰਘਾਂ ਸਿੰਘਣੀਆਂ ਨੂੰ ਖੜੇ ਕਰਕੇ, ਮਿਲ ਕੇ ਪੰਜ ਵਾਰੀ ਮੂਲ-ਮੰਤਰ ਦ੍ਰਿੜ੍ਹਾਉਣ :

**ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**
**ਜਪੁ ॥ ਆਦਿ ਸਚੁ ਜੁਗਾਦਿ ਸਚੁ ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥**

ਫੇਰ ਏਸ ਤਰ੍ਹਾਂ ਹੀ ਪੰਜ ਵਾਰੀ 'ਵਾਹਿਗੁਰੂ' (ਗੁਰ-ਮੰਤਰ) ਦ੍ਰਿੜ੍ਹਾਉਣਾ ਹੈ ਅਤੇ ਫ਼ਤਹਿ ਬੁਲਾਉਣੀ ਹੈ।

**ਵਾਹਿਗੁਰੂ ਗੁਰੁਮੰਤ੍ਰੁ ਹੈ ਜਪੁ ਹਉਮੈ ਖੋਈ ॥੨॥** *(ਵਾਰ ੧੩)*

ਉਪ੍ਰੰਤ ਪੰਜਾਂ ਪਿਆਰਿਆਂ ਵਿਚੋਂ ਹੀ ਇਕ ਸਿੰਘ ਰਹਿਤ ਦੱਸੇ, ਜੋ ਆਦਿ ਤੋਂ ਚਲੀ ਆਉਂਦੀ ਹੈ, ਪੰਜਾਂ ਪਿਆਰਿਆਂ ਤੋਂ ਬਿਨਾਂ ਹੋਰ ਨੂੰ ਦੱਸਣ ਦਾ ਕੋਈ ਅਧਿਕਾਰ ਨਹੀਂ। ਫੇਰ ਸਾਰਿਆਂ ਨੇ ਖੜੇ ਹੋ ਕੇ, ਕੜਾਹ ਪ੍ਰਸ਼ਾਦਿ ਅਤੇ ਅੰਮ੍ਰਿਤ ਛਕਾਏ ਦੀ ਅਰਦਾਸ ਕਰਨੀ ਹੈ ਕਿ 'ਮਹਾਰਾਜ ਸਾਹਿਬ ਜੀ! ਅੰਮ੍ਰਿਤ ਬਣਾਉਂਦਿਆਂ ਅਤੇ ਅੰਮ੍ਰਿਤ ਛਕਾਉਂਦਿਆਂ ਮੂਲ ਮੰਤਰ ਅਤੇ ਗੁਰ ਮੰਤਰ ਦ੍ਰਿੜਾਉਂਦਿਆਂ, ਰਹਿਤ ਦੱਸਦਿਆਂ, ਤਨਖਾਹਾਂ ਲਾਉਂਦਿਆਂ ਹੋਇਆਂ ਅਨੇਕਾਂ ਗਲਤੀਆਂ ਹੋ ਗਈਆਂ ਹੋਣਗੀਆਂ ਕ੍ਰਿਪਾ ਕਰਕੇ ਮੁਆਫ਼ ਕਰੋ। ਅੱਗੋ ਵਾਸਤੇ ਸੁਮੱਤ ਬਖ਼ਸ਼ੋ। ਅੰਮ੍ਰਿਤ ਛਕਣ ਵਾਲਿਆਂ ਦਾ ਜੰਮਣ ਮਰਨ ਦਾ ਗੇੜ ਕੱਟੋ, ਰਹਿਤ ਰਖਾਓ। ਅਰਦਾਸ ਕਰਕੇ ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ੍ਰੀ ਮੁਖਵਾਕ ਲੈ ਕੇ ਜਿਨ੍ਹਾਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਮੁਖਵਾਕ ਤੋਂ ਨਾਉਂ ਨਾ ਰੱਖੇ ਹੋਣ ਉਹਨਾਂ ਦੇ, ਹੁਕਮਨਾਮੇ ਦੇ ਅੱਖਰਾਂ ਅਨੁਸਾਰ ਨਵੇਂ ਨਾਉਂ ਰੱਖੇ ਜਾਣ। ਫਿਰ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

**ਨੋਟ :** ਜੇ ਪਹਿਲਾਂ ਕਿਸੇ ਦਾ ਵਿਆਹ ਗੁਰਮਤਿ ਅਨੁਸਾਰ ਨਾ ਹੋਇਆ ਹੋਵੇ, ਭਾਵ ਅਨੰਦ ਕਾਰਜ ਨਾ ਹੋਇਆ ਹੋਵੇ ਤਾਂ ਆਖ਼ਰੀ ਅਰਦਾਸ ਤੋਂ ਪਹਿਲਾਂ ਉਸ ਸਿੰਘ ਸਿੰਘਣੀ ਨੂੰ ਚਾਰ ਪ੍ਰਕਰਮਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀਆਂ ਕਰਵਾਉਣੀਆਂ ਤੇ ਲਾਵਾਂ ਦਾ ਪਾਠ ਤੇ ਅਨੰਦੁ ਸਾਹਿਬ ਦਾ ਪਾਠ ਕਰਕੇ ਅਰਦਾਸ ਕਰ ਦੇਣੀ।

## ਪੰਜਾਂ ਪਿਆਰਿਆਂ ਵੱਲੋਂ ਸਿੱਖਿਆ

**'ਪਾਂਚ ਸਿੰਘ ਜੋ ਅੰਮ੍ਰਿਤ ਦੇਵੈ। ਤਾ ਕੋ ਸਿਰ ਧਰਿ ਛਕਿ ਪੁਨ ਲੇਵੈ। ਪੁਨ ਮਿਲਿ ਪਾਂਚਹੁ ਰਹਤ ਜੁ ਭਾਖਹਿ। ਤਾਂ ਕੋ ਮਨ ਮੈਂ ਦ੍ਰਿੜ੍ਹ ਕਰਿ ਰਾਖਹਿ।2।**

*(ਰਹਿਤਨਾਮਾ ਭਾਈ ਦੇਸਾ ਸਿੰਘ ਜੀ)*

ਪੰਜਾਂ ਪਿਆਰਿਆਂ ਵਿਚੋਂ ਜਥੇਦਾਰ ਸਿੰਘ ਸਤਿਗੁਰਾਂ ਤੋਂ ਚਲੀ ਆ ਰਹੀ ਮਰਯਾਦਾ ਅਨੁਸਾਰ ਫ਼ਤਹਿ ਗਜਾ ਕੇ ਦੱਸੇ ਕਿ ਖ਼ਾਲਸਾ ਜੀ, ਤੁਹਾਨੂੰ ਲੱਖ ਲੱਖ ਵਧਾਈ ਹੋਵੇ। ਵੱਡੇ ਭਾਗਾਂ ਕਰਕੇ ਗੁਰੂ ਕਲਗੀਧਰ ਜੀ ਦੀ ਬਖ਼ਸ਼ੀ ਹੋਈ ਅੰਮ੍ਰਿਤ ਦੀ ਦਾਤ ਅੱਜ ਤੁਸਾਂ ਨੂੰ ਪ੍ਰਾਪਤ ਹੋਈ ਹੈ। ਨਿਗੁਰੇ ਪੁਣੇ ਦੀ ਜੂਠ ਲਾਹ ਕੇ ਗੁਰੂ ਵਾਲੇ ਬਣੇ ਹੋ। ਅੱਜ ਤੋਂ ਤੁਸੀਂ ਗੁਰੂ ਕੇ ਸਪੁੱਤਰ ਸਪੁੱਤ੍ਰੀਆਂ ਹੋ, ਤਨ ਮਨ ਧਨ ਗੁਰੂ ਕਾ ਸਮਝਣਾ। ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਤੁਹਾਡੀ ਪਿਛਲੀ ਜਾਤ, ਗੋਤ; ਪਾਪ ਸਭ ਨਾਸ਼ ਹੋਏ ਹਨ। ਪਿਛਲਾ ਜਨਮ ਸਮਾਪਤ ਹੋ ਗਿਆ ਹੈ, ਅੱਜ ਤੋਂ ਆਪ ਜੀ ਦਾ ਗੁਰੂ ਘਰ ਵਿਚ ਨਵਾਂ ਜਨਮ ਹੋਇਆ ਹੈ। ਆਪ ਸਭ ਖਾਲਸਾ ਹੋ, ਅੱਜ ਤੋਂ ਆਪ ਜੀ ਦੇ :

ਧਰਮ ਦੇ ਪਿਤਾ : ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹਨ।
ਧਰਮ ਦੇ ਮਾਤਾ : ਸਾਹਿਬ ਦੇਵਾਂ ਕੌਰ ਜੀ ਹਨ।
ਖਾਲਸੇ ਦਾ ਜਨਮ : ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦਾ ਹੈ।
ਖਾਲਸਾ ਵਾਸੀ : ਸ੍ਰੀ ਅਨੰਦਪੁਰ ਸਾਹਿਬ ਦਾ ਹੈ।
ਖਾਲਸੇ ਦੇ ਨਾਨਕੇ : ਗੁਰੂ ਕੇ ਲਾਹੌਰ ਹਨ।
ਇਸ਼ਟ : ਇਕ ਅਕਾਲ ਪੁਰਖ ਹੈ।
ਗੁਰੂ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਏਹੋ ਨਿਸ਼ਚਾ ਰੱਖਣਾ। ਕਿਸੇ ਦੇਹਧਾਰੀ ਨੂੰ ਗੁਰੂ ਸਮਝ ਕੇ ਕਦੇ ਭੁੱਲ ਕੇ ਵੀ ਮੱਥਾ ਨਹੀਂ ਟੇਕਣਾ।
ਪਰਚਾ : ਸ਼ਬਦ ਦਾ

**'ਸਬਦੁ ਗੁਰ ਪੀਰਾ ਗਹਿਰ**
**ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥** *(ਪੰਨਾ ੬੩੫)*

ਦੀਦਾਰ : ਖਾਲਸੇ ਦਾ

**ਰਹਿਤ ਸਹਿਤ ਜਹ ਪਾਚੋਂ ਮਿਲੇ॥**
**ਮਮ ਸਰੂਪ ਵੇਖਹੁ ਤਹ ਭਲੇ॥**
**ਖਾਲਸਾ ਮੇਰੋ ਰੂਪ ਹੈ ਖਾਸ॥**
**ਖਾਲਸੇ ਮਹਿ ਹੌਂ ਕਰੌਂ ਨਿਵਾਸ॥**

ਉਪਾਸ਼ਨਾ : ਅਕਾਲ ਪੁਰਖ ਦੀ ਕਰਨੀ ਹੈ।

ਰਹਿਤ ਮਰਯਾਦਾ ਵਿਚ ਪ੍ਰਪੱਕ ਰਹੋਗੇ ਤਾਂ ਸਤਿਗੁਰੂ ਜੀ ਦਾ ਫ਼ੁਰਮਾਨ ਹੈ :

**ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥** *(ਪੰਨਾ ੯੪੦)*

ਜੋ ਆਪ ਨੇ ਪੰਜਾਂ ਪਿਆਰਿਆਂ ਤੋਂ ਮੂਲ ਮੰਤ੍ਰ ਅਤੇ ਗੁਰਮੰਤ੍ਰ ਦ੍ਰਿੜ ਕੀਤਾ ਹੈ, ਸੋ ਉਠਦਿਆਂ, ਬੈਠਦਿਆਂ, ਤੁਰਦਿਆਂ, ਫਿਰਦਿਆਂ, ਕੰਮ ਕਰਦਿਆਂ ਹਰ ਵਕਤ ਮੂਲ ਮੰਤ੍ਰ ਜਾਂ ਗੁਰਮੰਤ੍ਰ ਦਾ ਜਾਪ ਕਰਨਾ ਹੈ।

**ੴ ਦਾ ਸ਼ੁੱਧ ਉਚਾਰਨ ਹੈ : ਇਕ ਓਅੰਕਾਰ ॥**

ਜਿਸ ਤਰ੍ਹਾਂ ਪੰਜਾਂ ਪਿਆਰਿਆਂ ਨੇ ਪੰਜ ਬਾਣੀਆਂ ਪੜ੍ਹ ਕੇ ਅੰਮ੍ਰਿਤ ਤਿਆਰ ਕੀਤਾ ਹੈ। ਇਸੇ ਤਰ੍ਹਾਂ ਆਪ ਨੇ ਸਵੇਰੇ ਉੱਠ ਕੇ ਇਸ਼ਨਾਨ ਕਰਕੇ ਪੰਜ ਬਾਣੀਆਂ ਦਾ ਨਿਤਨੇਮ ਕਰਨਾ ਹੈ। ਸ਼ਾਮ ਨੂੰ ਰਹਿਰਾਸ ਸਾਹਿਬ ਅਤੇ ਸੌਣ ਲੱਗਿਆਂ ਕੀਰਤਨ ਸੋਹਿਲੇ ਦਾ ਪਾਠ ਕਰਨਾ ਹੈ। ਘੱਟ ਤੋਂ ਘੱਟ ਇਹਨਾਂ ਸੱਤਾਂ ਬਾਣੀਆਂ ਦਾ ਨਿਤਨੇਮ ਅੰਮ੍ਰਿਤਧਾਰੀ ਸਿੰਘਾਂ ਸਿੰਘਣੀਆਂ ਵਾਸਤੇ ਅਤੀ ਜ਼ਰੂਰੀ ਹੈ। ਅੰਮ੍ਰਿਤ ਵੇਲੇ ਦੀਆਂ ਪੰਜ ਬਾਣੀਆਂ ਇਸ ਤਰ੍ਹਾਂ ਹਨ :

(੧) **ਸ੍ਰੀ ਜਪੁਜੀ ਸਾਹਿਬ :** ਸ੍ਰੀ ਜਪੁਜੀ ਸਾਹਿਬ ਬ੍ਰਹਮ ਗਿਆਨ ਦੀ ਪ੍ਰਾਪਤੀ ਵਾਸਤੇ।

(੨) **ਸ੍ਰੀ ਜਾਪੁ ਸਾਹਿਬ :** ਸ੍ਰੀ ਜਾਪੁ ਸਾਹਿਬ ਵਿਚ ਅਕਾਲ ਪੁਰਖ ਅੱਗੇ ਨਮਸਕਾਰ ਹੈ ਅਤੇ ਅਕਾਲ ਪੁਰਖ ਦੇ ਸਰੂਪ ਲੱਖਣ ਅਤੇ ਤਟੱਸਥੀ ਲੱਖਣ ਹਨ।

(੩) **੧੦ ਸਵਯੇ :** (ਸ੍ਰਾਵਗ ਸੁਧ ਸਮੂਹ ਸਿਧਾਨ ਕੇ) ਸਵਯੇ ਬੈਰਾਗ ਦੀ ਪ੍ਰਾਪਤੀ ਵਾਸਤੇ ਅਤੇ ਪਾਖੰਡ ਨਾਸ ਕਰਨ ਲਈ।

(੪) **ਸ੍ਰੀ ਚੌਪਈ ਸਾਹਿਬ :** ਸ੍ਰੀ ਚੌਪਈ ਸਾਹਿਬ ਦਾ ਪਾਠ ਰੱਖਿਆ ਵਾਸਤੇ ਹੈ। ਜਿਸ ਦੀਆਂ ਉਨੱਤੀ ਪਉੜੀਆਂ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਨੰਬਰ ਵਾਰ ਆਉਂਦੀਆਂ ਹਨ।

**ਭਾਦ੍ਰਵ ਸੁਦੀ ਅਸਟਮੀ ਰਵਿਵਾਰਾ ॥**
**ਤੀਰ ਸਤੁੱਦ੍ਰਵ ਗ੍ਰੰਥ ਸੁਧਾਰਾ ॥੨੯॥**

ਤੱਕ ਅਤੇ ਸਵੈਯਾ ਤੇ ਦੋਹਰਾ ਪੜ੍ਹ ਕੇ ਸੰਪੂਰਨ ਕਰਨਾ ਹੈ।

(੫) **ਸ੍ਰੀ ਅਨੰਦੁ ਸਾਹਿਬ :** ਜੀਵਨ ਮੁਕਤੀ ਦਾ ਅਨੰਦ ਮਾਨਣ ਵਾਸਤੇ ਹੈ ਅਤੇ ਚਾਲੀ ਪਉੜੀਆਂ ਸੰਪੂਰਨ ਪੜ੍ਹਨੀਆਂ ਹਨ।

(੬) **ਰਹਿਰਾਸ ਸਾਹਿਬ :** ਸਚ ਖੰਡ ਵਿਚੋਂ ਕਿਸੇ ਵਕਤ ਨਿਕਲਣਾ ਨਾ ਪਵੇ, ਇਸ ਕਰਕੇ ਰਹਿਰਾਸ ਸਾਹਿਬ ਦਾ ਪਾਠ ਕਰਨਾ ਹੈ।

(੭) **ਕੀਰਤਨ ਸੋਹਿਲਾ :** ਰਾਤ ਨੂੰ ਸੌਣ ਲੱਗਿਆਂ ਪੰਜ ਇਸ਼ਨਾਨਾਂ ਕਰਕੇ ਆਪਣੇ ਆਸਣ ਤੇ ਚੌਂਕੜਾ ਮਾਰ ਕੇ ਸਿਰ੍ਹਾਣੇ ਵੱਲ ਮੂੰਹ ਕਰਕੇ ਪੜ੍ਹਨਾ ਹੈ। ਸਤਿਗੁਰੂ ਜੀ ਅੰਗ ਸੰਗ ਹੋ ਕੇ ਰੱਖਿਆ ਕਰਦੇ ਹਨ, ਜਮਦੂਤਾਂ ਤੋਂ ਬਚੀਦਾ ਹੈ। ਅਚਨਚੇਤ ਰਾਤ ਨੂੰ ਸੁੱਤੇ ਪਏ ਦੇ ਪ੍ਰਾਣ ਨਿਕਲ ਜਾਣ ਤਾਂ ਜੀਵ ਟੇਢੀਆਂ ਜੂਨਾਂ ਵਿਚ ਨਹੀਂ ਪੈਂਦਾ। ਭੈੜੀ ਚਿਤਵਨੀ, ਭੈੜੇ ਸੁਪਨੇ ਨਹੀਂ ਆਉਂਦੇ। ਦੱਬਾ, ਛੱਪਾ ਛਾਇਆ ਤੋਂ ਰੱਖਿਆ ਹੁੰਦੀ ਹੈ ਅਤੇ ਲੋਹੇ ਦਾ ਕਿਲ੍ਹਾ ਬਣ ਜਾਂਦਾ ਹੈ।

ਅੱਜ ਤੋਂ ਆਪ ਜੀ ਨੇ ਪੰਜ ਕਕਾਰ ਸਰੀਰ ਤੋਂ ਦੂਰ ਨਹੀਂ ਕਰਨੇ।

## ਪੰਜ ਕਕਾਰ

**ਨਿਸ਼ਾਨਿ ਸਿਖੀ ਈਂ ਪੰਜ ਹਰਫ਼ਿ ਅਸਤ ਕਾਫ਼॥**
**ਹਰਗਿਜ਼ ਨਾ ਬਾਸ਼ਦ ਈਂ ਪੰਜ ਮੁਆਫ਼॥੧॥**
**ਕੜਾ ਕਾਰਦੋ ਕੱਛ ਕੰਘੇ ਬਿਦਾਂ॥**
**ਬਿਲਾ ਕੇਸ ਹੇਚ ਅਸਤ ਜੁਮਲੇ ਨਿਸ਼ਾਂ॥੨॥**
**ਹਰਫ਼ ਹਕਾਇਤ ਅਸਤ ਅਜੀ ਪੰਜ ਕਾਫ਼॥**
**ਬਿਦਾ ਨੰਦ ਬਾਵਰ ਨ ਗੋਯਮ ਖਿਲਾਫ਼॥੩॥**

*(ਫੌਕਟ ਕਥਿਤ ਲਿਖਯਤੇ ਪਾਤਸ਼ਾਹੀ ੧੦, ਸ੍ਰੀ ਦਸਮ ਗ੍ਰੰਥ)*

### ੧. ਕੇਸ

ਸਿਰ ਤੋਂ ਲੈ ਕੇ ਪੈਰ ਦੇ ਅੰਗੂਠੇ ਤਕ ਸਰੀਰ ਦੇ ਰੋਮਾਂ ਨੂੰ ਸਾਬਤ ਰੱਖਣਾ ਹੈ। 'ਸਾਬਤ ਸੂਰਤਿ ਦਸਤਾਰ ਸਿਰਾ॥' (੧੦੮੪) ਕੇਸਾਂ ਦੇ ਅਦਬ ਸਤਿਕਾਰ ਕਰਨ ਲਈ ਸੋਹਣੀ ਦੋਹਰੀ ਦਸਤਾਰ ਇਕ ਇਕ ਪੇਚ ਕਰਕੇ ਸਜਾਈ ਜਾਵੇ, ਇਕ ਛੋਟੀ ਤੇ ਇਕ ਵੱਡੀ ਦਸਤਾਰ ਹੋਣੀ ਚਾਹੀਦੀ ਹੈ। ਬੀਬੀਆਂ ਗੁੱਤਾਂ ਨਾ ਕਰਨ, ਜੂੜਾ ਕਰਕੇ ਰੱਖਣ, ਹੋ ਸਕੇ ਤਾਂ ਛੋਟੀ ਦਸਤਾਰ ਸਜਾ ਕੇ ਰੱਖਣ।[1]

---

੧. ਕੇਸਕੀ ਨੂੰ ਕਕਾਰ ਨਹੀਂ ਮੰਨਣਾ। ਕੇਸਾਂ ਦੇ ਸਤਿਕਾਰ ਵਾਸਤੇ ਜੇ ਛੋਟੀ ਦਸਤਾਰ ਰੱਖੀ ਜਾ ਸਕੇ ਤਾਂ ਠੀਕ ਹੈ।

ਇਹੈ ਮੋਰ ਆਗਿਆ ਸੁਨਹੁ ਹੇ ਪਿਆਰੇ ॥
ਬਿਨਾ ਸਸਤਰ ਕੇਸੰ ਦਿਵੋ ਨ ਦਿਦਾਰੇ ॥

ਪ੍ਰਮੇਸ਼ਰ ਵੀ ਕੇਸਾਧਾਰੀ ਹੈ :

ਸੋਹਣੇ ਨਕ ਜਿਨ ਲੰਮੜੇ ਵਾਲਾ ॥

ਅਥਵਾ : 'ਨਿਰਾਹਾਰੀ ਕੇਸਵ ਨਿਰਵੈਰਾ ॥'' *(ਪੰਨਾ ੬੮)*

## ੨. ਕੰਘਾ

ਕੇਸਾਂ ਨੂੰ ਸਾਫ ਰੱਖਣ ਵਾਸਤੇ ਕਾਠ ਦਾ ਕੰਘਾ ਕੇਸਾਂ ਵਿਚ ਰੱਖਣਾ ਬਹੁਤ ਜ਼ਰੂਰੀ ਹੈ। ਸਾਇੰਸ ਅਨੁਸਾਰ ਵੀ ਲੱਕੜ ਦਾ ਕੰਘਾ ਕੇਸਾਂ ਵਿਚਲੀ ਬਿਜਲੀ ਨੂੰ ਸ਼ਾਂਤ ਰੱਖਦਾ ਹੈ। ਲੋਹੇ ਜਾਂ ਦੰਦ ਦਾ ਕੰਘਾ ਨਹੀਂ ਵਰਤਣਾ :

ਕੰਘਾ ਦੋਨਉਂ ਵਕਤ ਕਰ, ਪਾਗ ਚੁਨਹਿ ਕਰ ਬਾਂਧਈ ॥
ਦਾਤਨ ਨੀਤ ਕਰੇਇ ਨਾ ਦੁਖ ਪਾਵੈ ਲਾਲ ਜੀ ॥

*(ਤਨਖਾਹਨਾਮਾ ਭਾਈ ਨੰਦ ਲਾਲ ਜੀ, ਪੰਨਾ ੫੭)*

ਕੇਸਾਂ ਦੀ ਸਫ਼ਾਈ ਵਾਸਤੇ ਦੋਨੋਂ ਵਕਤ ਕੰਘਾ ਕਰਨਾ ਅਤੀ ਜ਼ਰੂਰੀ ਹੈ, ਸਵੇਰੇ ਅਤੇ ਸ਼ਾਮ ਨੂੰ ਕੇਸ ਵਾਹ ਕੇ ਇਕ ਇਕ ਪੇਚ ਕਰਕੇ ਦਸਤਾਰ ਸਜਾਉਣੀ ਹੈ ਅਤੇ ਇਕ ਇਕ ਪੇਚ ਕਰਕੇ ਦਸਤਾਰ ਲਾਹੁਣੀ ਹੈ। ਦਸਤਾਰ ਮਾਇਆ ਪਿੰਨਾਂ ਆਦਿ ਲਾ ਕੇ ਟੋਪੀ ਦੀ ਸ਼ਕਲ ਦੀ ਨਹੀਂ ਬਣਾਉਣੀ।

ਹੋਇ ਸਿੱਖ ਸਿਰ ਟੋਪੀ ਧਰੈ ॥
ਸਾਤ ਜਨਮ ਕੁਸ਼ਟੀ ਹੋਇ ਮਰੈ ॥

*(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਜੀ, ਪੰਨਾ ੬੫)*

ਕੰਘਾ ਸਦਾ ਸਾਬਤ ਰੱਖਣਾ, ਜੇ ਇਕ ਦੰਦਾ ਵੀ ਟੁੱਟ ਜਾਵੇ ਤਾਂ ਨਵਾਂ ਕੰਘਾ ਲੈ ਕੇ ਕੇਸਾਂ ਵਿਚ ਰੱਖਣਾ। ਜਿਵੇਂ ਕੰਘਾ ਆਪਣੇ ਆਪ ਨੂੰ ਚਿਰਵਾ ਕੇ ਸਭ ਤੋਂ ਸ਼ਿਰੋਮਣੀ ਬਣ ਕੇ ਸੀਸ ਤੇ ਸਭ ਤੋਂ ਉੱਚੀ ਥਾਂ ਸਜਦਾ ਹੈ। ਏਸੇ ਤਰ੍ਹਾਂ ਆਪਾ ਭਾਵ ਮੇਟ ਕੇ ਸਭ ਦੇ ਚਰਨਾਂ ਦੀ ਧੂੜ ਬਣ ਕੇ ਖਾਲਸੇ ਨੇ ਸਭ ਤੋਂ ਸ਼ਿਰੋਮਣੀ ਬਣਨਾ ਹੈ। ਜਿਸ ਤਰ੍ਹਾਂ ਕੰਘਾ ਕੇਸਾਂ ਨੂੰ ਸਾਫ਼ ਕਰਕੇ ਟੁੱਟੇ ਕੇਸਾਂ ਨੂੰ ਕੱਢਦਾ ਹੈ, ਇਵੇਂ ਹੀ ਵੀਚਾਰ ਰੂਪੀ ਕੰਘਾ ਮਨ ਵਿਚ ਦੋਨੋਂ ਵਕਤ ਫੇਰਨਾ ਹੈ ਕਿ ਅੱਜ

ਕਿੰਨੇ ਚੰਗੇ ਕੰਮ ਕੀਤੇ ਅਤੇ ਕਿੰਨੇ ਔਗੁਣਾਂ ਦਾ ਤਿਆਗ ਕੀਤਾ ? ਸਾਫ਼ ਕੇਸਾਂ ਦੀ ਤਰ੍ਹਾਂ ਚੰਗੇ ਗੁਣਾਂ ਨੂੰ ਧਾਰਨ ਅਤੇ ਟੁਟੇ ਕੇਸਾਂ ਦੀ ਤਰ੍ਹਾਂ ਅਉਗੁਣਾਂ ਦਾ ਤਿਆਗ ਦਿਨੇ ਰਾਤ ਖਾਲਸੇ ਨੇ ਕਰਨਾ ਹੈ। ਕੰਘਾ ਕਰਨ ਨਾਲ ਜੋ ਟੁੱਟੇ ਕੇਸ ਨਿਕਲਣ ਉਹ ਪੈਰਾਂ ਥੱਲੇ ਜਾਂ ਗੰਦੇ ਥਾਂ ਨਹੀਂ ਸੁੱਟਣੇ। ਆਪਣੇ ਘਰਾਂ ਵਿਚ ਕੱਪੜੇ ਦੀਆਂ ਗੁਥਲੀਆਂ ਬਣਾ ਕੇ ਰੱਖਣੀਆਂ ਚਾਹੀਦੀਆਂ ਹਨ। ਜੋ ਟੁੱਟੇ ਕੇਸ ਕੰਘਾ ਕਰਕੇ ਨਿਕਲਣ ਉਹ ਗੁਥਲੀਆਂ ਵਿਚ ਪਾ ਦੇਣੇ ਚਾਹੀਦੇ ਹਨ। ਜਦੋਂ ਬਹੁਤ ਸਾਰੇ ਕੇਸ ਇਕੱਠੇ ਹੋ ਜਾਣ ਤਾਂ ਉਹਨਾਂ ਦਾ ਸਸਕਾਰ ਕਰ ਦੇਣਾ ਚਾਹੀਦਾ ਹੈ। ਬੀਬੀਆਂ ਜਾਂ ਬੱਚਿਆਂ ਨੂੰ ਕੰਘੇ ਨਾਲ ਧਾਗਾ ਬੰਨ੍ਹ ਕੇ ਜੂੜੇ ਨਾਲ ਰੱਖ ਲੈਣਾ ਚਾਹੀਦਾ ਹੈ ਜਿਸ ਕਰਕੇ ਕੰਘਾ ਡਿੱਗੇ ਨਾ, ਘਰਾਂ ਵਿਚ ਦੋ ਚਾਰ ਕੰਘੇ ਵਾਧੂ ਜ਼ਰੂਰ ਰੱਖਣੇ ਚਾਹੀਦੇ ਹਨ।

## ੩. ਕੜਾ

ਕੜਾ ਸਰਬ ਲੋਹ ਦਾ ਪਹਿਨਣਾ ਚਾਹੀਦਾ ਹੈ। ਖਾਲਸੇ ਨੇ ਸੋਨਾ, ਚਾਂਦੀ, ਪਿੱਤਲ, ਤਾਂਬਾ ਜਾਂ ਟੱਕਾਂ ਵਾਲਾ ਕੜਾ ਨਹੀਂ ਪਾਉਣਾ। ਮਹਾਰਾਜ ਜੀ ਨੇ ਸਰਬ ਲੋਹ ਦਾ ਕੜਾ ਪ੍ਰਵਾਨ ਕੀਤਾ ਹੈ। ਕੜਾ ਵੀਣੀ-ਬੰਦ ਸ਼ਸਤਰ ਹੈ, ਕੜਾ ਜਿਵੇਂ : ਬਾਂਹ ਨੂੰ ਕੜਕੇ ਰੱਖਦਾ ਹੈ। ਏਸੇ ਤਰ੍ਹਾਂ ਖ਼ਾਲਸੇ ਨੇ ਮਨ ਨੂੰ ਵਿਕਾਰਾਂ ਵਲੋਂ ਕੜਕੇ (ਰੋਕ ਕੇ) ਰੱਖਣਾ ਹੈ। ਕੜਾ ਗੁੱਟ ਤੇ ਤਲਵਾਰ ਦਾ ਵੱਜਾ ਵਾਰ ਰੋਕਦਾ ਹੈ। ਸਾਇੰਸ ਅਨੁਸਾਰ ਵੀ ਸਰਬ-ਲੋਹ ਦਾ ਕੜਾ ਘਸ ਘਸ ਕੇ ਅੰਤੜੀਆਂ ਰਾਹੀਂ ਸਰੀਰ ਦੀ ਫੌਲਾਦੀ ਘਾਟ ਪੂਰੀ ਕਰਦਾ ਹੈ। ਕੜਾ ਇਹ ਸਿੱਖਿਆ ਦਿੰਦਾ ਹੈ ਕਿ ਇਹ ਬਾਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਹਨ। ਇਹਨਾਂ ਨਾਲ ਚੋਰੀ, ਜਾਰੀ, ਠੱਗੀ ਨਹੀਂ ਕਰਨੀ, ਝੂਠਾ ਅੰਗੂਠਾ ਨਹੀਂ ਲਾਉਣਾ, ਝੂਠੇ ਦਸਤਖ਼ਤ ਨਹੀਂ ਕਰਨੇ, ਧਿੰਗੋਜ਼ੋਰੀ, (ਜ਼ਬਰਦਸਤੀ) ਧੱਕਾ, ਜ਼ੁਲਮ, ਪਾਪ ਉਪੱਦ੍ਰਵ ਜੀਵ-ਘਾਤ ਨਹੀਂ ਕਰਨਾ। ਜੂਆ, ਤਾਸ਼ ਆਦਿ ਨਹੀਂ ਖੇਡਣਾ। ਇਹਨਾਂ ਹੱਥਾਂ ਨਾਲ ਧਰਮ ਦੀ ਕ੍ਰਿਤ ਕਰਕੇ ਵੰਡ ਕੇ ਛਕਣਾ ਹੈ। ਦੇਸ਼, ਕੌਮ, ਪੰਥ ਦੀ ਸੇਵਾ ਕਰਨੀ ਹੈ, ਗੁਰੂ ਸਾਹਿਬ ਵਲੋਂ ਇਹ ਸ਼ਹੀਦੀ ਗਾਨਾ ਮਿਲਿਆ ਹੈ, ਜੋ ਕਦੇ ਵੀ ਸਰੀਰ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ। ਕੜਾ ਗੋਲ ਹੈ। ਇਸ ਦਾ ਆਦਿ ਅੰਤ ਕੋਈ ਨਹੀਂ ਹੈ ਅਤੇ ਪ੍ਰਮੇਸ਼ਰ ਦਾ ਵੀ ਆਦਿ ਅੰਤ ਕੋਈ ਨਹੀਂ ਹੈ। ਇਸ ਕਰਕੇ ਕੜਾ ਪ੍ਰਮੇਸ਼ਰ ਦਾ ਜਣਾਇਕ ਹੈ।

## ੪. ਕ੍ਰਿਪਾਨ

**ਕ੍ਰਿਪਾਣ ਪਾਣ ਧਾਰੀਯੰ ॥ ਕਰੋਰ ਪਾਪ ਟਾਰੀਯੰ ॥** *(ਦਸਮ ਅੰਗ ੪੨)*

ਕ੍ਰਿਪਾਨ ਆਪਣੀ ਰੱਖਿਆ ਵਾਸਤੇ ਢਾਲ ਦੀ ਨਿਆਈਂ ਹੈ, ਗਰੀਬਾਂ ਦੀ ਰੱਖਿਆ ਵਾਸਤੇ ਅਤੇ ਜ਼ੁਲਮ ਦਾ ਨਾਸ਼ ਕਰਨ ਲਈ ਤਲਵਾਰ ਰੂਪ ਕਰਕੇ ਵਰਤਣੀ ਹੈ; ਧੀਰਜ ਅਤੇ ਖਿਮਾਂ ਧਾਰਨ ਕਰਨੀ ਹੈ। ਕ੍ਰਿਪਾਨ ਸਦਾ ਗਾਤਰੇ ਰੱਖਣੀ, ਕਦੇ ਵੀ ਸਰੀਰ ਤੋਂ ਦੂਰ ਨਹੀਂ ਕਰਨੀ, ਕ੍ਰਿਪਾਨ ਗੁਪਤ ਅਤੇ ਪ੍ਰਤੱਖ ਦੁਸ਼ਮਣ ਤੋਂ ਵੀ ਬਚਾਉਂਦੀ ਹੈ। ਕ੍ਰਿਪਾਨ ਬੁੱਕਲ ਦਾ ਸ਼ਸਤਰ ਹੈ; ਇਹ ਘੱਟ ਤੋਂ ਘੱਟ ਨੌਂ ਇੰਚ ਹੋਣੀ ਚਾਹੀਦੀ ਹੈ, ਜੋ ਕੰਘੇ ਵਿਚ ਰੱਖਣੀ, ਕੇਸਾਂ ਵਿਚ ਰੱਖਣੀ, ਧਾਗਾ ਪਾ ਕੇ ਜਨੇਊ ਵਾਂਗੂ ਰੱਖਣੀ, ਇਹ ਰਹਿਤ ਮਰਯਾਦਾ ਵਿਚ ਨਹੀਂ ਹੈ। ਮਨਮਤਿ ਹੈ।

**ਸ਼ਸਤਰ ਹੀਨ ਕਬਹੂ ਨਹਿ ਹੋਈ, ਰਹਿਤਵੰਤ ਖਾਲਸਾ ਸੋਈ ॥**

*(ਰਹਿਤਨਾਮਾ ਭਾਈ ਦੇਸਾ ਸਿੰਘ ਜੀ, ਪੰਨਾ ੧੪੯)*

ਕਦੇ ਵੀ ਕ੍ਰਿਪਾਨ ਆਦਿ ਸ਼ਸਤਰ ਦੇ ਉਪਰ ਦੀ ਨਹੀਂ ਲੰਘਣਾ ਚਾਹੀਦਾ, ਕੇਸੀਂ ਇਸ਼ਨਾਨ ਕਰਨ ਲੱਗਿਆਂ ਕ੍ਰਿਪਾਨ ਅਤੇ ਕੰਘਾ ਲੱਕ ਨਾਲ ਬੰਨ੍ਹ ਲੈਣਾ। ਪਿੰਡੇ ਇਸ਼ਨਾਨ ਕਰਨ ਲੱਗਿਆਂ ਸਿਰ 'ਤੇ ਸਜਾ ਲੈਣੇ ਹਨ।

ਕ੍ਰਿਪਾਨ ਸੌਣ ਲੱਗਿਆਂ ਕਿੱਲੀ ਤੇ ਨਹੀਂ ਟੰਗਣੀ, ਨ੍ਹਾਉਣ ਲੱਗਿਆਂ ਕ੍ਰਿਪਾਨ ਕਛਹਿਰੇ ਵਿਚ ਨਹੀਂ ਟੰਗਣੀ, ਇਸ ਤਰ੍ਹਾਂ ਕ੍ਰਿਪਾਨ ਦਾ ਅਦਬ ਨਹੀਂ ਸਗੋਂ ਮਨਮਤਿ ਹੈ। ਕ੍ਰਿਪਾਨ ਸਿਰਫ ਦੋ ਜਗ੍ਹਾ ਵਰਤਣੀ ਹੈ—ਇਕ ਕੜਾਹ ਪ੍ਰਸ਼ਾਦਿ ਜਾਂ ਲੰਗਰ ਨੂੰ ਭੋਗ ਲਾਉਣ ਵਾਸਤੇ, ਦੂਜੇ ਜ਼ਾਲਮ ਨੂੰ ਨਾਸ ਕਰਨ ਵਾਸਤੇ, ਹੋਰ ਕਿਸੇ ਥਾਂ ਕ੍ਰਿਪਾਨ ਨਹੀਂ ਵਰਤਣੀ। ਕੰਘਾ, ਕੜਾ, ਕ੍ਰਿਪਾਨ ਇਹਨਾਂ ਤਿੰਨਾਂ ਕਕਾਰਾਂ ਵਿਚੋਂ ਕੋਈ ਵੀ ਕਕਾਰ ਸਰੀਰ ਤੋਂ ਦੂਰ ਹੋ ਜਾਵੇ ਤਾਂ ਜਿੰਨਾਂ ਚਿਰ ਦੂਸਰਾ ਕਕਾਰ ਪ੍ਰਾਪਤ ਨਾ ਕਰ ਲਵੇ ਉਤਨਾ ਚਿਰ ਕੋਈ ਵੀ ਚੀਜ਼ ਮੂੰਹ ਵਿਚ ਨਹੀਂ ਪਾਉਣੀ। ਜਦੋਂ ਦੂਰ ਹੋਇਆ ਕਕਾਰ ਪ੍ਰਾਪਤ ਕਰ ਲਵੇ ਤਾਂ ਗੁਰਦੁਆਰਾ ਸਾਹਿਬ ਜਾਂ ਕਕਾਰ ਪ੍ਰਾਪਤ ਕਰਨ ਵਾਲੀ ਥਾਂ ਹੀ ਕਕਾਰ ਵਿਸਰੇ ਦੀ ਅਰਦਾਸ ਕਰਕੇ ਅਤੇ ਮਾਫ਼ੀ ਮੰਗ ਕੇ ਹੀ ਕੋਈ ਚੀਜ਼ ਖਾ ਸਕਦੇ ਹੋ। ਬੀਬੀਆਂ ਨੇ ਪਿੰਡੇ ਇਸ਼ਨਾਨ ਕਰਨ ਲੱਗਿਆਂ ਸਿਰ ਵਾਲਾ ਦੁਪੱਟਾ ਸਿਰ 'ਤੇ ਬੰਨ੍ਹ ਕੇ ਉਪਰ ਦੀ ਕ੍ਰਿਪਾਨ ਬੰਨ੍ਹਣੀ ਹੈ।

## ੫. ਕਛਹਿਰਾ

**ਸੀਲ ਜਤ ਕੀ ਕਛ ਪਹਿਰਿ ਪਕੜਿਓ ਹਥਿਆਰਾ॥**

*(ਵਾਰ ੪੧, ਪਉੜੀ ੧੫)*

ਕਛਹਿਰਾ ਜਤ ਸਤ ਦੀ ਨਿਸ਼ਾਨੀ ਹੈ:

**ਕੱਛ ਕ੍ਰਿਪਾਨ ਨ ਕਬਹੂੰ ਤਿਆਗੈ॥**

*(ਰਹਿਤਨਾਮਾ ਭਾਈ ਦੇਸਾ ਸਿੰਘ ਜੀ, ਪੰਨਾ ੧੪੭)*

ਕਦੇ ਕ੍ਰਿਪਾਨ ਅਤੇ ਕਛਹਿਰਾ ਅੰਗਾਂ ਤੋਂ ਦੂਰ ਨਹੀਂ ਕਰਨਾ। ਕਛਹਿਰਾ ਸਦਾ ਰੇਬਦਾਰ ਹੀ ਪਹਿਨਣਾ ਹੈ। ਕਛਹਿਰਾ ਸਦਾ ਸਿੱਖਿਆ ਦਿੰਦਾ ਹੈ ਕਿ:

**ਦੇਖਿ ਪਰਾਈਆਂ ਚੰਗੀਆਂ,**
**ਮਾਵਾਂ ਭੈਣਾਂ ਧੀਆਂ ਜਾਣੈ॥** *(ਵਾਰ ੨੯, ਪਉੜੀ ੧੧)*

ਕਛਹਿਰਾ ਕਦੇ ਵੀ ਦੋਨਾਂ ਪੈਰਾਂ ਵਿਚੋਂ ਇਕੱਠਾ ਨਹੀਂ ਲਾਹੁਣਾ ਇਸ਼ਨਾਨ ਕਰਕੇ ਇਕ ਪੈਰ ਤੋਂ ਗਿੱਲਾ ਪਹੁੰਚਾ ਲਾਹ ਕੇ ਸੁੱਕਾ ਪਹੁੰਚਾ ਪਾਉਣਾ ਹੈ ਤੇ ਫਿਰ ਦੂਸਰੇ ਪੈਰ 'ਚੋਂ ਗਿੱਲਾ ਪਹੁੰਚਾ ਲਾਹ ਕੇ ਸੁੱਕਾ ਪਾਉਣਾ ਹੈ। ਜੇ ਅਚਨਚੇਤ ਦੋਵੇਂ ਪਹੁੰਚੇ ਇਕੱਠੇ ਲਹਿ ਜਾਣ ਤਾਂ ਪੰਜਾਂ ਸਿੰਘਾਂ ਤੋਂ ਅਰਦਾਸ ਕਰਕੇ ਤਨਖ਼ਾਹ ਲਵਾਉਣੀ ਹੈ। ਕੰਘਾ, ਕੜਾ ਅਤੇ ਕ੍ਰਿਪਾਨ ਡਿੱਗਣ ਦੀ ਅਰਦਾਸ ਇਕੱਲਾ ਆਪ ਕਰ ਸਕਦਾ ਹੈ, ਕਛਹਿਰੇ ਲੱਥੇ ਦੀ ਅਰਦਾਸ ਪੰਜਾਂ ਸਿੰਘਾਂ ਤੋਂ ਕਰਾਉਣੀ ਜ਼ਰੂਰੀ ਹੈ। ਕਛਹਿਰਾ ਕਦੇ ਵੀ ਨੰਗੇ ਸਿਰ ਨਹੀਂ ਬਦਲਣਾ ਚਾਹੀਦਾ।

# ਚਾਰ ਬੱਜਰ ਕੁਰਹਿਤਾਂ

**ਹੁੱਕਾ, ਹਜ਼ਾਮਤ, ਹਲਾਲੋ, ਹਰਾਮ॥** *(ਅਸਫੋਕਟ ਸ੍ਵਯੇ)*

## ੧. ਹੁੱਕਾ (ਤਮਾਕੂ)

**ਸੁਣ ਗੁਰਸਿੱਖ ਕੀ ਰਹਿਤ ਕੋ ਤਜੇ ਤਮਾਕੂ ਸੰਗ॥**
**ਮਰਣੀ ਮਰੈ ਤੌ ਅਤਿ ਭਲਾ ਜਗਤ ਜੂਠ ਨਹਿ ਅੰਗ॥**

ਤਮਾਕੂ ਵਰਤਣ ਤੋਂ ਸਾਰੇ ਪੁੰਨ ਨਾਸ ਹੋ ਕੇ ਜੀਵ ਨਰਕਾਂ ਦੇ ਭੋਗਣ ਦਾ

ਅਧਿਕਾਰੀ ਬਣ ਜਾਂਦਾ ਹੈ। ਗੁਰੂ ਕਾ ਸਿਖ ਮਰ ਭਾਵੇਂ ਜਾਵੇ ਪਰ ਤਮਾਕੂ ਨੂੰ ਹੱਥ ਵੀ ਨਾ ਛੁਹਾਵੇ। ਹੁੱਕਾ, ਸਿਗਰਟ, ਬੀੜੀ, ਨਸਵਾਰ, ਖੈਣੀ, ਜਰਦਾ, ਚਰਸ, ਪਾਨ, ਬੀੜਾ, ਬਤੀਆ ਆਦਿ ਜਿਸ ਵਿਚ ਤਮਾਕੂ ਦੀ ਥੋੜ੍ਹੀ ਜਿਹੀ ਵੀ ਅੰਸ ਪੈਂਦੀ ਹੈ, ਉਸ ਨੂੰ ਜੇ ਹੱਥ ਵੀ ਛੋਹ ਜਾਵੇ ਤਾਂ ਮਿੱਟੀ ਲੈ ਕੇ ਪੰਜ ਵਾਰ ਹੱਥ ਮਾਂਜਣੇ, ਫੇਰ ਸਣੇ-ਕੇਸੀਂ ਇਸ਼ਨਾਨ ਕਰਨਾ ਅਤੇ ਸਾਰੇ ਬਸਤਰ ਧੋਣੇ ਚਾਹੀਦੇ ਹਨ :

ਕੁਠਾ ਹੁੱਕਾ, ਚਰਸ ਤਮਾਕੂ ॥
ਗਾਂਜਾ ਟੋਪੀ ਤਾੜੀ ਖਾਕੂ ॥੨੦॥
ਇਨ ਕੀ ਓਰ ਨ ਕਬਹੂ ਦੇਖੈ ॥
ਰਹਤਵੰਤ ਜੋ ਸਿੰਘ ਬਿਸੇਖੈ ॥

*(ਰਹਿਤਨਾਮਾ ਭਾਈ ਦੇਸਾ ਸਿੰਘ ਜੀ, ਪੰਨਾ ੧੪੯)*

ਤਨਕ ਤਮਾਕੂ ਸੇਵੀਏ ਦੇਵ ਪਿੱਤ੍ਰ ਭਜਿ ਜਾਇ ॥
ਪਾਨੀ ਤਾਂ ਕੇ ਹਾਥ ਕੋ ਮਦਰਾ ਸਮ ਅਘ ਦਾਇ ॥੨੨॥
ਮਦਰਾ ਦਹਿਤਾ ਸਪਤਿ ਕੁਲ ਭੰਗੁ ਦਹੈ ਤਨ ਏਕ ॥
ਸਤ ਕੁਲ ਦਹਿਤਾ ਜਗਤ ਜੂਠ ਨਿੰਦਾ ਦਹੈ ਅਨੇਕ ॥੨੩॥

*(ਸ੍ਰੀ ਗੁਰ ਪ੍ਰਤਾਪ ਸੂਰਜ, ਰਿਤੁ ੫, ਅੰਸੂ ੨੯, ਜਿਲਦ ੧੨, ਪੰਨਾ ੫੫੮੯)*

ਇਸ ਵਾਸਤੇ ਗੁਰਮਤਿ ਵਿਚ ਤਮਾਕੂ ਦੀ ਸਖ਼ਤ ਨਿਖੇਧੀ ਕੀਤੀ ਗਈ ਹੈ, ਜਿਸ ਨੂੰ ਭੁੱਲ ਕੇ ਵੀ ਕਦੇ ਨਹੀਂ ਵਰਤਣਾ।

ਤਮਾਕੂ ਬਾਰੇ ਹਿੰਦੂ ਮੱਤ ਦੇ ਗ੍ਰੰਥਾਂ ਦੇ ਪ੍ਰਮਾਣ ਹਨ:

ਧੂਮ੍ਰ ਪਾਨੰ ਰਤੰ ਵਿਪ੍ਰੰ ਦਾਨੰ ਕੁਰਵੰਤਿਯੇ ਜਿ ਨਰਾ:।
ਦਾਤਰੋ ਨਰਕੰ ਯਾਤੀ ਬ੍ਰਾਹਮਣੋ ਗ੍ਰਾਮ ਸੂਕਰ:।

ਜਿਹੜਾ ਤਮਾਕੂ ਪੀਣ ਵਾਲੇ ਬ੍ਰਾਹਮਣ ਨੂੰ ਦਾਨ ਦਿੰਦਾ ਹੈ ਉਹ ਰੌਰਵੇ ਨਾਮੇ ਨਰਕ ਵਿਚ ਜਾਂਦਾ ਹੈ ਤੇ ਜਿਹੜਾ ਤਮਾਕੂ ਪੀਣ ਵਾਲਾ ਬ੍ਰਾਹਮਣ ਦਾਨ ਲੈਂਦਾ ਹੈ ਉਹ ਸੂਰ ਬਣ ਕੇ ਗੰਦੀਆਂ ਨਾਲੀਆਂ ਸਾਫ਼ ਕਰਦਾ ਹੈ ਤੇ ਫੇਰ ਅਨੇਕਾਂ ਨਰਕ ਭੋਗਦਾ ਹੈ। ਸਤਿਗੁਰਾਂ ਨੇ ਤਮਾਕੂ ਨੂੰ ਬੱਜਰ ਕੁਰਹਿਤ ਕਰਕੇ ਵਿਵਰਜਿਤ ਕੀਤਾ। ਇਸ ਦੇ ਵਰਤਣ ਵਾਲੇ ਨਾਲ ਰੋਟੀ ਬੇਟੀ ਦੀ ਸਾਂਝ ਨਹੀਂ ਕਰਨੀ।

## ੨. ਹਜ਼ਾਮਤ

ਕੇਸਾਂ ਦੇ ਮੁਨਾਉਣ ਨੂੰ ਹਜ਼ਾਮਤ ਕਿਹਾ ਜਾਂਦਾ ਹੈ। ਗੁਰਮਤਿ ਵਿਚ ਕੇਸਾਂ ਦੇ ਕੱਟਣ ਦੀ ਸਖ਼ਤ ਮਨਾਹੀ ਹੈ। ਸਿਰ ਦੀ ਚੋਟੀ ਤੋਂ ਲੈ ਕੇ ਪੈਰ ਦੇ ਅੰਗੂਠੇ ਤਕ ਕਿਤੋਂ ਵੀ ਕੇਸਾਂ ਨੂੰ ਘਸਾਉਣਾ, ਮੁਨਾਉਣਾ, ਪੁੱਟਣੇ ਜਾਂ ਦੁਆਈ ਲਾ ਕੇ ਨਸ਼ਟ ਕਰਨੇ ਜਾਂ ਅੱਗ ਨਾਲ ਸਾੜਨੇ ਸਖ਼ਤ ਮਨ੍ਹਾ ਹੈ। ਕਿਸੇ ਵੀ ਤਰੀਕੇ ਨਾਲ ਰੰਗ ਜਾਂ ਕਲਫ਼ ਲਾ ਕੇ ਕਾਲੇ ਕਰਨੇ ਜਾਂ ਧੌਲੇ ਚੁਗਣੇ ਮਨ੍ਹਾ ਹਨ:

**ਸਾਬਤ ਸੂਰਤ ਰੱਬ ਬਣਾਈ॥**
**ਬੇਈਮਾਨ ਨੇ ਭੰਨ ਗਵਾਈ॥**
**ਸਾਬਤ ਸੂਰਤ ਰੱਬ ਦੀ ਭੰਨੇ ਬੇਈਮਾਨ॥**
**ਦਰਗਹਿ ਢੋਈ ਨਾ ਮਿਲੈ ਕਾਫ਼ਰ ਕੁੱਤਾ ਸ਼ੈਤਾਨ॥**

ਕੇਸ ਰੱਖਣੇ ਬੜੇ ਜ਼ਰੂਰੀ ਹਨ। ਕਿਸੇ ਸਬੰਧੀ ਦੇ ਮਰਨ ਤੋਂ ਭੱਦਣ ਨਹੀਂ ਕਰਾਉਣਾ। ਹੋਰ ਧਰਮਾਂ ਅਨੁਸਾਰ ਵੀ ਰੋਮਾਂ ਦੀ ਬੇਅਦਬੀ ਕਰਨਾ ਮਨ੍ਹਾ ਹੈ ਪ੍ਰੰਤੂ ਗੁਰਮਤਿ ਅਨੁਸਾਰ ਇਹ ਕੁਰਹਿਤ ਕਰਨ ਨਾਲ ਗੁਰਸਿਖ ਪਤਿਤ ਹੋ ਜਾਂਦਾ ਹੈ। ਇਸ ਲਈ ਹਰ ਗੁਰਸਿਖ ਵਾਸਤੇ ਸਰੀਰ ਦੇ ਕਿਸੇ ਵੀ ਅੰਗ ਤੋਂ ਰੋਮਾਂ ਦੀ ਬੇਅਦਬੀ ਕਰਨੀ ਸਖਤ ਮਨ੍ਹਾ ਹੈ। ਇਸ ਕੁਰਹਿਤ ਤੋਂ ਬਚ ਕੇ ਰਹਿਣਾ ਚਾਹੀਦਾ ਹੈ।

ਸਵਾਹ ਜਾਂ ਗਾਚਨੀ ਨਾਲ ਕੇਸੀਂ ਇਸ਼ਨਾਨ ਕਰਨਾ ਮਨ੍ਹਾ ਹੈ। ਸਾਬਣ, ਦਹੀਂ, ਲੱਸੀ, ਨਾਲ ਕੇਸੀਂ ਇਸ਼ਨਾਨ ਕਰਨਾ ਚਾਹੀਦਾ ਹੈ। ਨੰਗੇ ਸਿਰ ਲੰਮੇ ਪੈਣਾ ਜਾਂ ਕਿਸੇ ਕਿਸਮ ਦਾ ਬਿਉਹਾਰ ਕਰਨਾ ਸਖ਼ਤ ਮਨ੍ਹਾ ਹੈ। ਨੰਗੇ ਸਿਰ ਗੰਦੇ ਥਾਂ ਜਾਂ ਘੱਟੇ ਵਾਲੀ ਥਾਂ ਤੇ ਨਹੀਂ ਜਾਣਾ ਚਾਹੀਦਾ।

ਬੱਚਿਆਂ ਦੇ ਕੇਸ ਮੁੰਨਣੇ ਜਾਂ ਕੰਨ ਵਿੰਨ੍ਹਣੇ ਸਖ਼ਤ ਮਨ੍ਹਾ ਹਨ। ਛੋਟੇ ਬੱਚਿਆਂ ਦੇ ਸਿਰ ਵਿਚ ਜਟਾਵਾਂ ਨਹੀਂ ਬਣਨ ਦੇਣੀਆਂ ਚਾਹੀਦੀਆਂ। ਨਿੱਕੇ ਹੁੰਦਿਆਂ ਤੋਂ ਕੰਘਾ ਕਰਨਾ ਜ਼ਰੂਰੀ ਹੈ।

**ਸਾਬਤ ਸੂਰਤ ਸਿਧਾ ਦਾੜ੍ਹਾ॥**
**ਕਾਠ ਦਾ ਕੰਘਾ ਕੇਸੀ ਚਾੜ੍ਹਾ॥**

ਅੰਮ੍ਰਿਤਧਾਰੀ ਸਿੰਘਾਂ ਨੇ ਦਾੜ੍ਹੇ ਨੂੰ ਪ੍ਰਕਾਸ਼ (ਖੁੱਲ੍ਹਾ) ਰੱਖਣਾ ਹੈ, ਮੁਸ਼ਕਾਂ ਨਹੀਂ ਦੇਣੀਆਂ ਭਾਵ ਬੰਨ੍ਹਣਾ ਨਹੀਂ ਹੈ।

ਤੇ ਬਿਰਾਜਮਾਨ ਹਨ। ੯੭ ਸਾਲ ਦੀ ਉਮਰ ਵਿਚ ਜੰਗ ਕਰਕੇ ਜ਼ਾਲਮਾਂ ਨੂੰ ਨਾਸ ਕੀਤਾ। ਉਹਨਾਂ ਵਿਚ ਨਾਮ ਬਾਣੀ ਤੇ ਅੰਮ੍ਰਿਤ ਦੀ ਸ਼ਕਤੀ ਸੀ। ਇਸ ਲਈ ਕੋਈ ਮਾਸ ਖਾਣ ਦੀ ਆਗਿਆ ਨਹੀਂ ਹੈ।

## ੪. ਹਰਾਮ

ਗੁਰਮਤਿ ਅਨੁਸਾਰ ਸਿੰਘ ਵਾਸਤੇ ਪਰ-ਇਸਤਰੀ ਨਾਲ ਗਵਨ ਕਰਨਾ ਅਤੇ ਇਸਤਰੀ ਵਾਸਤੇ ਪਰਾਏ ਪੁਰਸ਼ ਨਾਲ ਮੰਦ ਕਰਮ ਕਰਨਾ ਬੱਜਰ ਕੁਰਹਿਤ ਹੈ। ਪਤੀ ਸਤੀ ਨੇ ਜਤ ਸਤ ਵਿਚ ਕਾਇਮ ਰਹਿਣਾ ਹੈ। ਜਿਨ੍ਹਾਂ ਜਿਨ੍ਹਾਂ ਨੇ ਕਾਮ-ਵੱਸ ਹੋ ਕੇ ਇਸ ਮਰਯਾਦਾ ਵਿਚ ਫ਼ਰਕ ਪਾਇਆ ਹੈ ਉਹਨਾਂ ਲਈ ਨਰਕਾਂ ਵਿਚ ਪੈਣ ਅਤੇ ਜੂਨਾਂ ਵਿਚ ਭਟਕਣ ਦਾ ਕਾਰਨ ਬਣਿਆ ਹੈ ਅਤੇ ਬਣੇਗਾ।

**ਯਥਾ : ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ ॥** *(ਅੰਗ ੧੩੫੮)*

**ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ ॥**
**ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ ॥**
**ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿੱਤ ਬਢੈਯਹੁ ॥**
**ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥੫੧॥**

*(ਦਸਮ ਗ੍ਰੰਥ, ੮੪੨)*

**ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ ॥**
**ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ ॥**

*(ਭਾਈ ਗੁਰਦਾਸ ਜੀ, ਵਾਰ ੬, ਪਉੜੀ ੮)*

ਸਿੰਘਾਂ ਨੇ ਵੱਡੀਆਂ ਨੂੰ ਮਾਵਾਂ, ਬਰਾਬਰ ਦੀਆਂ ਨੂੰ ਭੈਣਾਂ ਤੇ ਨਿੱਕੀਆਂ ਨੂੰ ਪੁੱਤਰੀਆਂ ਵਾਂਗ ਸਮਝਣਾ। ਇਸੇ ਤਰ੍ਹਾਂ ਬੀਬੀਆਂ ਨੇ ਵੱਡਿਆਂ ਨੂੰ ਪਿਤਾ ਸਮਾਨ, ਬਰਾਬਰ ਦਿਆਂ ਨੂੰ ਭਰਾ ਸਮਾਨ, ਛੋਟਿਆਂ ਨੂੰ ਪੁੱਤਰਾਂ ਸਮਾਨ ਸਮਝਣਾ ਹੈ। ਸਿੰਘਾਂ ਵਾਸਤੇ ਜਿਸ ਬੀਬੀ ਨਾਲ ਗੁਰਮਤਿ ਅਨੁਸਾਰ ਅਨੰਦ ਕਾਰਜ ਹੋਇਆ ਹੋਵੇ, ਉਸ ਨੂੰ ਸਤੀ (ਸਿੰਘਣੀ) ਕਰਕੇ ਜਾਨਣਾ ਹੈ। ਇਸੇ ਤਰ੍ਹਾਂ ਬੀਬੀਆਂ ਵਾਸਤੇ ਜਿਸ ਸਿੰਘ ਨਾਲ ਗੁਰਮਤਿ ਅਨੁਸਾਰ ਅਨੰਦ ਕਾਰਜ ਹੋਇਆ ਹੋਵੇ ਉਸੇ ਨੂੰ ਪਤੀ ਪ੍ਰਮੇਸ਼ਰ ਜਾਨਣਾ ਹੈ। ਜੋ ਵਿਭਚਾਰ ਕਰਦੇ ਹਨ ਉਹ ਨਰਕਾਂ ਵਿਚ ਪੈਂਦੇ ਹਨ, ਪ੍ਰਲੋਕ ਵਿਚ ਲੋਹੇ ਦੇ ਤਪੇ ਹੋਏ ਥੰਮ੍ਹਾਂ ਨਾਲ ਜੱਫੀਆਂ ਪੁਆਈਆਂ ਜਾਂਦੀਆਂ ਹਨ।

ਯਥਾ : ਤਪਤ ਥੰਮ੍ਹ ਗਲਿ ਲਾਤਿਆ ॥ (ਅੰਗ ੫੪੬)

ਪ੍ਰਲੋਕ ਵਿਚ ਤੇਲ ਦੇ ਉਬਲਦੇ ਕੜਾਹਿਆਂ ਵਿਚ ਵਿਭਚਾਰੀ ਪੁਰਸ਼ਾਂ ਨੂੰ ਤਲਿਆ ਜਾਂਦਾ ਹੈ।

**ਪਰਤ੍ਰਿਅ ਰਾਵਣਿ ਜਾਹਿ ਸੇਈ ਤਾਲਾਜੀਅਹਿ ॥** (ਅੰਗ ੧੩੬੨)

## ੫. ਸ਼ਰਾਬ

ਗੁਰਮਤਿ ਅਨੁਸਰ ਸ਼ਰਾਬ ਪੀਣੀ ਬਿਲਕੁਲ ਮਨ੍ਹਾ ਹੈ। ਸ਼ਰਾਬ ਦੇ ਅਰਥ ਹਨ (ਸ਼ਰ+ਆਬ = ਸ਼ਰਾਰਤ ਰੂਪੀ ਪਾਣੀ) ਜੋ ਸਾਰੀਆਂ ਸ਼ਰਾਰਤਾਂ ਕੁਰੀਤੀਆਂ ਬਦਫੈਲੀਆਂ ਅਤੇ ਮਨਮਤਾਂ ਦੀ ਜੜ੍ਹ ਹੈ।

ਸ੍ਰੀ ਗੁਰੂ ਅਮਰਦਾਸ ਜੀ ਸ਼ਰਾਬ ਬਾਰੇ ਇਉਂ ਫੁਰਮਾਉਂਦੇ ਹਨ :

**ਸਲੋਕ ਮਃ ੩ ॥**

**ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ ॥**
**ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥**
**ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥**
**ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥**
**ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥** (ਪੰਨਾ ੫੫੪)

**ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ ॥**
**ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲ ਜਾਂਹਿ ॥** (ਪੰਨਾ ੧੩੭੭)

ਅੰਮ੍ਰਿਤਧਾਰੀ ਸਿੰਘ ਨੂੰ ਸ਼ਰਾਬ ਵੱਲ ਤੱਕਣਾ ਵੀ ਨਹੀਂ ਚਾਹੀਦਾ।

**ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥** (ਪੰਨਾ ੩੬੦)

ਸ਼ਰਾਬ ਪੀਣ ਨਾਲ ਬੁੱਧੀ ਮਾਰੀ ਜਾਂਦੀ ਹੈ, ਪ੍ਰਭੂ ਵਿਸਰ ਜਾਂਦਾ ਹੈ, ਦੁਰਲੱਭ ਮਨੁੱਖਾ ਜਨਮ ਅਕਾਰਥ ਚਲਾ ਜਾਂਦਾ ਹੈ। ਰਾਖਸ਼ ਬੁੱਧੀ ਵਾਲੇ ਸ਼ਰਾਬ ਦਾ ਸੇਵਨ ਕਰਦੇ ਹਨ, ਇਸ ਦੇ ਪੀਣ ਕਰਕੇ ਕਾਮ-ਵਾਸ਼ਨਾ ਵੱਧ ਜਾਂਦੀ ਹੈ। ਜਿਸ ਕਰਕੇ ਜੀਵ ਨਰਕਾਂ ਵਿਚ ਜਾਂਦਾ ਹੈ।

**ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ ॥** *(ਪੰਨਾ ੫੫੩)*

ਇਸ ਪ੍ਰਕਾਰ ਚਰਿਤ੍ਰਾਂ ਵਿਚ ਆਉਂਦਾ ਹੈ :

**ਏਕ ਮਦੀ ਦੂਜੇ ਤਰੁਨ ਤੀਜੇ ਅਤਿ ਧਨ ਧਾਮ ॥**
**ਪਾਪ ਕਰੇ ਬਿਨ ਕਿਉਂ ਬਚੈ, ਬਚੈ ਬਚਾਵੈ ਰਾਮ ॥**

*(ਦਸਮ ਗ੍ਰੰਥ, ਪੰਨਾ ੧੦੭੭)*

ਰਹਿਤਨਾਮਿਆਂ ਵਿਚ ਵੀ ਸ਼ਰਾਬ ਸੇਵਨ ਦਾ ਖੰਡਨ ਕੀਤਾ ਗਿਆ ਹੈ :

**ਪਰ ਨਾਰੀ, ਜੂਆ, ਅਸਤ, ਚੋਰੀ, ਮਦਰਾ ਜਾਨ ॥**
**ਪਾਂਚ ਐਬ ਯਹ ਜਗਤ ਮੈ ਤਜੈ ਸੁ ਸਿੰਘ ਸੁਜਾਨ ॥**

*(ਰਹਿਤਨਾਮਾ ਭਾਈ ਦੇਸਾ ਸਿੰਘ ਜੀ, ਪੰਨਾ ੧੪੯)*

ਗੁਰਸਿੱਖਾਂ ਨੇ ਇਸ ਤਰ੍ਹਾਂ ਦੀ ਸ਼ਰਾਬ ਪੀਣੀ ਹੈ :

ਯਥਾ : **ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ ॥**
**ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ ॥੧॥**

*(ਪੰਨਾ ੩੬੦)*

## ਖਾਲਸੇ ਦੇ ਪੰਜ ਤਖ਼ਤ

੧. ***ਸ੍ਰੀ ਅਕਾਲ ਤਖ਼ਤ ਸਾਹਿਬ :*** ਸ੍ਰੀ ਅੰਮ੍ਰਿਤਸਰ ਸਾਹਿਬ ਜੋ ਛੇਵੇਂ ਪਾਤਸ਼ਾਹ ਜੀ ਨੇ ਰਚਿਆ।

੨. ***ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ (ਬਿਹਾਰ) :*** ਜੋ ਦਸਵੇਂ ਪਾਤਸ਼ਾਹ ਜੀ ਦਾ ਅਵਤਾਰ ਅਸਥਾਨ ਹੈ। ਨੌਵੇਂ ਪਾਤਸ਼ਾਹ ਜੀ ਨੇ ਇਸ ਦਾ ਨਾਮ ਤਖ਼ਤ ਰੱਖਿਆ ਸੀ।

੩. ***ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ :*** ਖ਼ਾਲਸੇ ਦਾ ਜਨਮ ਅਸਥਾਨ।

੪. ***ਤਖ਼ਤ ਸ੍ਰੀ ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ :*** ਜਿਥੇ ਦਸਮੇਸ਼ ਸਤਿਗੁਰੂ ਜੀ ਨੇ ੧ੳ ਤੋਂ ਲੈ ਕੇ 'ਅਠਾਰਹ ਦਸ ਬੀਸ' ਤਕ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਸਮੇਤ) ਕੰਠੋਂ ਉਚਾਰਨ ਕਰਕੇ ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਲਾ ਕੇ ਲਿਖਵਾਏ। ਨਾਲ

ਅਰਥ ਪੜ੍ਹਾ ਕੇ ਗੁਰਬਾਣੀ ਦੇ ਅਰਥਾਂ ਦੀ ਟਕਸਾਲ ਚਲਾਈ ਅਤੇ 'ਗੁਰੂ ਕੀ ਕਾਂਸ਼ੀ' ਨਾਮ ਰੱਖਿਆ। ਉਥੇ ਕਲਗੀਧਰ ਪਾਤਿਸ਼ਾਹ ਜੀ ਦੇ ਵੇਲੇ ਦੀ ਮੋਹਰ ਵੀ ਹੈ, ਜਿਸ ਵਿਚ ਤਖ਼ਤ ਦਮਦਮਾ ਸਾਹਿਬ ਲਿਖਿਆ ਹੈ। ਜੇ ਕੋਈ ਨਾ ਮੰਨੇ ਜਾਂ ਮਿੱਟੀ ਦੇ ਸਰੀਰ ਨੂੰ ਤਖ਼ਤ ਅਖਵਾਏ ਤਾਂ ਉਸ ਦੀ ਮਨਮਤਿ ਹੈ।

੫. ***ਤਖ਼ਤ ਅਬਚਲ ਨਗਰ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਨਾਂਦੇੜ (ਮਹਾਂਰਾਸ਼ਟਰ):*** ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸਵੇਂ ਪਾਤਸ਼ਾਹ ਜੀ ਨੇ ਕੱਤਕ ਸੁਦੀ ਦੂਜ ੧੭੬੫ ਬਿਕ੍ਰਮੀ ਨੂੰ ਸਦਾ ਵਾਸਤੇ ਚਵਰ, ਛਤਰ, ਤਖ਼ਤ ਦੇ ਮਾਲਕ ਬਣਾ ਗੁਰਤਾ-ਗੱਦੀ ਤੇ ਅਸਥਾਪਨ ਕੀਤਾ, ਆਪ ਸੱਚਖੰਡ ਨੂੰ ਗਏ।

ਜਦੋਂ ਵੀ ਕੋਈ ਅੰਮ੍ਰਿਤਧਾਰੀ ਸਿੰਘ ਸਿੰਘਣੀ ਪਹਿਲੀ ਵਾਰ ਕਿਸੇ ਤਖ਼ਤ ਸਾਹਿਬ ਦੇ ਦਰਸ਼ਨਾਂ ਨੂੰ ਜਾਵੇ ਤਾਂ ਘੱਟ ਤੋਂ ਘੱਟ ਪੰਜ ਰੁਪਏ ਗੋਲਕ ਵਿਚ ਪਾਵੇ ਅਤੇ ਪੰਜ ਰੁਪਈਆਂ ਦਾ ਕੜਾਹ ਪ੍ਰਸ਼ਾਦਿ ਕਰਾਵੇ।

## ਚਾਰ ਧਾਮ

੧. ਸ੍ਰੀ ਨਨਕਾਣਾ ਸਾਹਿਬ।
੨. ਸ੍ਰੀ ਅੰਮ੍ਰਿਤਸਰ ਸਾਹਿਬ।
੩. ਸ੍ਰੀ ਤਰਨਤਾਰਨ ਸਾਹਿਬ।
੪. ਸ੍ਰੀ ਮੁਕਤਸਰ ਸਾਹਿਬ।

## ਖਾਲਸੇ ਦੇ ਚਾਰ ਰੰਗ

੧. ਨੀਲਾ, ੨. ਕਾਲਾ, ੩. ਚਿੱਟਾ, ੪. ਖੱਟਾ (ਕੇਸਰੀ)।

ਇਹ ਚਾਰ ਰੰਗ ਪਹਿਨਣੇ ਹਨ। ਬਾਕੀ ਰੰਗ ਭੜਕੀਲੇ ਹੋਣ ਕਰਕੇ ਮਨ ਨੂੰ ਵਿਕਾਰੀ ਬਣਾਉਂਦੇ ਹਨ, ਇਸ ਲਈ ਮਨ੍ਹਾਂ ਹਨ। ਅੰਮ੍ਰਿਤਧਾਰੀ ਸਿੰਘਾਂ ਅਤੇ ਸਿੰਘਣੀਆਂ ਨੇ ਖ਼ਾਸ ਕਰਕੇ ਲਾਲ ਰੰਗ ਅਤੇ ਹਰਾ ਰੰਗ ਕਦੇ ਨਹੀਂ ਪਹਿਨਣਾ। ਸਾਦਗੀ ਵਿਚ ਰਹਿਣਾ ਹੈ। ਸਾਦੇ ਰੰਗ ਕੋਈ ਵੀ ਪਹਿਨ ਸਕਦੇ ਹਨ। ਅੰਮ੍ਰਿਤਧਾਰੀ ਮਾਈਆਂ ਬੀਬੀਆਂ ਨੂੰ ਖ਼ਾਸ ਕਰਕੇ ਵਾਲੀਆਂ, ਕੋਕੇ, ਕਾਂਟੇ, ਛਾਪਾਂ, ਵੰਗਾਂ, ਨਹੁੰ ਪਾਲਸ਼, ਸੁਰਖ਼ੀ, ਬਿੰਦੀ, ਮਹਿੰਦੀ, ਨਹੁੰ ਵਧਾਉਣੇ, ਸਾੜ੍ਹੀ ਲਾਉਣੀ ਆਦਿਕ ਮਨਾ ਹੈ। ਕੰਨ ਤੇ ਨੱਕ ਵਿੰਨ੍ਹਣੇ ਗੁਰਮਤਿ ਵਿਚ ਮਨ੍ਹਾ ਹਨ।

ਬੀਧੇ ਕਾਨ ਨ ਨਾਕ ਕੋ ਸਤਿਗੁਰ ਕੀ ਮ੍ਰਿਜਾਦਿ॥

*(ਰਹਿਤਨਾਮਾ ਭਾਈ ਦਯਾ ਸਿੰਘ ਜੀ)*

ਸਿੰਘਾਂ ਨੇ ਵੀ ਛਾਪਾਂ, ਮੁਰਕੀਆਂ ਆਦਿ ਗਹਿਣੇ ਨਹੀਂ ਪਾਉਣੇ, ਸਤਿਗੁਰੂ ਜੀ ਦਾ ਫ਼ੁਰਮਾਨ ਹੈ :

ਜਨ ਨਾਨਕ ਨਾਮ ਅੰਤ ਬਾਰ ਗਹਿਣਾ॥

ਪਰਲੋਕ ਵਿਚ ਨਾਮ ਦੇ ਗਹਿਣੇ ਨੇ ਹੀ ਸਹਾਇਤਾ ਕਰਨੀ ਹੈ, ਦੁਨਿਆਵੀ ਗਹਿਣੇ ਨਾਸ਼ਵੰਤ ਹਨ।

ਅੰਮ੍ਰਿਤਧਾਰੀ ਸਿੰਘਾਂ ਅਤੇ ਬੀਬੀਆਂ ਨੇ ਜੂਠ ਤੋਂ ਬਚਣਾ ਹੈ। ਹੋਟਲਾਂ ਦਾ ਭੋਜਨ ਨਹੀਂ ਛਕਣਾ, ਫਲ ਲੈ ਕੇ ਸੁੱਚੇ ਜਲ ਨਾਲ ਧੋ ਕੇ ਖਾ ਸਕਦੇ ਹਨ। ਗੰਦੀਆਂ ਵੀਡੀਓ ਫਿਲਮਾਂ, ਟੈਲੀਵੀਯਨ, ਸਿਨੇਮਾਂ, ਨਾਚ ਨਹੀਂ ਵੇਖਣੇ। ਸਿੰਘਾਂ ਨੇ ਚਾਦਰਾ ਨਹੀਂ ਬੰਨ੍ਹਣਾ, ਤੁਰਲਾ ਨਹੀਂ ਛੱਡਣਾ।

## ਪੰਜਾਂ ਦਾ ਵਿਸਾਹ ਨਹੀਂ ਕਰਨਾ

ਇਹਨਾਂ ਪੰਜਾਂ ਦਾ ਵਿਸਾਹ ਨਹੀਂ ਕਰਨਾ ਕਿਉਂਕਿ ਇਹ ਗੁਰੂ-ਘਰ ਤੋਂ ਬੇਮੁੱਖ ਹਨ ਤਾਂ ਜੋ ਇਹਨਾਂ ਦੀ ਕੁਸੰਗਤ ਕਰਕੇ ਮਨ ਕਿਤੇ ਗੁਰੂ-ਘਰ ਤੋਂ ਬੇਮੁੱਖ ਨਾ ਹੋ ਜਾਵੇ।

### ੧. ਮੀਣੇ

ਸਤਿਗੁਰੂ ਰਾਮਦਾਸ ਜੀ ਨੇ ਪ੍ਰਿਥੀਏ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਨਾਲ ਅਕਾਰਨ ਵੈਰ ਕਰਨ ਕਰਕੇ ਮੀਣੇ ਕਹਿ ਕੇ ਛੱਡ ਦਿੱਤਾ ਸੀ।

ਪ੍ਰਿਥੀਏ ਦੀ ਔਲਾਦ ਕੋਠੇ ਵਾਲੇ ਸੋਢੀ ਹਨ, ਜਿਸ ਨੇ ਬ੍ਰਾਹਮਣ ਤੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਜ਼ਹਿਰ ਦਿਵਾਉਣ ਦਾ ਪਾਪ ਕਰਨ ਦੀ ਕੋਸ਼ਿਸ਼ ਕੀਤੀ, ਦਾਈ ਦੇ ਅਸਥਨਾਂ ਨੂੰ ਜ਼ਹਿਰ ਲਾ ਕੇ ਭੇਜੀ, ਸਪੇਰੇ ਤੋਂ ਸੱਪ ਛੁਡਾਇਆ। ਐਸੇ ਪਾਪੀਆਂ ਨੂੰ ਮੀਣੇ ਕਿਹਾ ਹੈ ਭਾਵ ਪ੍ਰਿਥੀਏ ਦੀ ਬੰਸ ਨੂੰ ਮੀਣੇ ਕਿਹਾ ਹੈ।

## ੨. ਮਸੰਦ

ਸਤਿਗੁਰਾਂ ਦੇ ਨਾਮ ਤੇ ਉਗਰਾਹੀ ਕਰਕੇ ਗੁਰੂ-ਘਰ ਦੀ ਕਾਰ-ਭੇਟਾ ਆਪਣੇ ਕਬਜ਼ੇ ਵਿਚ ਕਰਨ ਵਾਲੇ ਜੋ ਨਿੱਜੀ ਸੁਆਰਥ ਲਈ ਵਰਤਦੇ ਸਨ, ਇਹਨਾਂ ਦਾ ਜੀਵਨ ਵਿਭਚਾਰੀ ਤੇ ਪਾਪੀ ਬਣ ਚੁੱਕਾ ਸੀ। ਸਿਖ ਸੰਗਤਾਂ 'ਤੇ ਬੜਾ ਜ਼ੁਲਮ, ਧੱਕਾ ਤੇ ਮਨਮਰਜ਼ੀ ਕਰਨ ਲੱਗ ਪਏ ਸਨ। ਦਸਮ ਪਾਤਸ਼ਾਹ ਜੀ ਨੇ ਇਹਨਾਂ ਮਗਰਮੱਛਾਂ ਤੋਂ ਸਿਖ ਸੰਗਤਾਂ ਨੂੰ ਛੁਡਾਇਆ।

ਉਹਨਾਂ ਪਾਪੀਆਂ ਨੂੰ ਗੁੜ ਦੇ ਕੜਾਹੇ ਉਬਾਲ ਕੇ ਉਪਰ ਪਾ ਪਾ ਕੇ ਸਾੜ ਕੇ ਦੰਡ ਦਿੱਤਾ ਸੀ। ਭਾਈ ਪ੍ਰਹਿਲਾਦ ਸਿੰਘ ਜੀ ਆਪਣੇ ਰਹਿਤਨਾਮੇ ਵਿਚ ਫ਼ੁਰਮਾਉਂਦੇ ਹਨ: "ਮਸੰਦਾਂ ਨੇ ਮੰਨਣਾ ਨਹੀ, ਗੁਰੂ, ਸੰਗਤ ਕੀ ਬਾਹੁੜੀ ਕਰੇਗਾ।"

## ੩. ਰਾਮਰਾਈਏ

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਵੱਡੇ ਸਪੁੱਤਰ ਰਾਮਰਾਏ ਨੇ ਅੱਠਵੇਂ ਤੇ ਨੌਵੇਂ ਪਾਤਸ਼ਾਹ ਜੀ ਨਾਲ ਅਕਾਰਨ ਈਰਖਾ ਕਰਕੇ ਆਪਣੇ ਹੀ ਮਸੰਦ ਬਣਾ ਲਏ ਸਨ। ਇਸ ਨੇ ਔਰੰਗਜ਼ੇਬ ਨੂੰ ਖ਼ੁਸ਼ ਰੱਖਣ ਵਾਸਤੇ ਧੁਰ ਕੀ ਬਾਣੀ ਦੇ ਅੱਖਰ 'ਮਿਟੀ ਮੁਸਲਮਾਨ ਕੀ' ਨੂੰ 'ਮਿਟੀ ਬੇਈਮਾਨ ਕੀ' ਕਹਿ ਕੇ ਜ਼ਬਾਨੀ ਬਦਲਿਆ ਸੀ।

ਸਤਵੇਂ ਪਾਤਸ਼ਾਹ ਜੀ ਨੇ ਰਾਮਰਾਏ ਨੂੰ ਸਦਾ ਲਈ ਗੁਰੂ ਘਰ ਵਿਚੋਂ ਛੇਕ ਦਿੱਤਾ ਅਤੇ ਬਚਨ ਉਚਾਰੇ:

**ਜਿਨ ਭੈ ਅਦਬ ਨ ਬਾਨੀ ਧਾਰਾ॥**
**ਜਾਨਹੁ ਸੋ ਸਿਖ ਨਹੀ ਹਮਾਰਾ॥** *(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)*

ਸਾਡਾ ਕੋਈ ਵੀ ਸਿਖ ਇਸ ਨਾਲ ਮਿਲਾਪ ਨਾ ਕਰੇ। ਕੋਈ ਕਾਰ-ਭੇਟਾ ਨਾ ਦੇਵੇ। ਜਿਧਰ ਮੂੰਹ ਹੈ ਉਧਰ ਚਲਾ ਜਾਵੇ। ਰਾਮਰਾਏ ਦੀ ਤਾਂ ਕੋਈ ਭੀ ਔਲਾਦ ਨਹੀਂ ਸੀ। ਇਸ ਦੇ ਚੇਲੇ ਇਸ ਨੂੰ ਗੁਰੂ ਮੰਨਣ ਵਾਲੇ ਰਾਮਰਾਈਏ ਗੁਰੂ ਘਰ ਤੋਂ ਖਾਰਜ ਹਨ। ਖਾਲਸੇ ਨੇ ਇਹਨਾਂ ਦਾ ਵਿਸਾਹ ਨਹੀਂ ਕਰਨਾ।

## ੪. ਧੀਰ ਮੱਲੀਏ

ਬਾਬਾ ਗੁਰਦਿੱਤਾ ਜੀ ਦਾ ਵੱਡਾ ਸਪੁੱਤਰ ਅਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਵੱਡੇ ਭਰਾਤਾ, ਧੀਰਮਲ ਨੇ ਸੱਤਵੇਂ ਪਾਤਸ਼ਾਹ ਜੀ ਨਾਲ ਈਰਖਾ ਕਰਕੇ ਛੇਵੇਂ ਪਾਤਸ਼ਾਹ ਜੀ ਦੇ ਹੁੰਦਿਆਂ ਹੀ ਕਰਤਾਰਪੁਰ ਤੋਂ ਸ੍ਰੀ ਕੀਰਤਪੁਰ ਸਾਹਿਬ ਆ ਕੇ ਵੱਖਰੀ ਗੁਰੂ-ਪੁਣੇ ਦੀ ਗੱਦੀ ਲਾ ਲਈ ਸੀ। ਸਤਿਗੁਰੂ ਜੀ ਦੇ ਹੁਕਮ ਨਾਲ ਸਿੱਖਾਂ ਨੇ, ਕਿਸੇ ਨੇ ਚੌਰ ਖੋਹ ਲਿਆ ਤੇ ਕਿਸੇ ਨੇ ਧੱਕੇ ਦੇ ਕੇ ਗੱਦੀ ਤੋਂ ਉਠਾ ਕੇ ਉਸ ਨੂੰ ਕੀਰਤਪੁਰ ਸਾਹਿਬ ਤੋਂ ਕੱਢ ਦਿੱਤਾ। ਫਿਰ ਦੁਬਾਰਾ ਨੌਵੇਂ ਪਾਤਸ਼ਾਹ ਜੀ ਦੇ ਵਿਰੁੱਧ ਬਾਬੇ ਬਕਾਲੇ ਗੁਰਤਾ-ਗੱਦੀ ਦਾ ਪਾਖੰਡ ਰਚਾਇਆ ਅਤੇ ਸ਼ੀਹੇਂ ਮਸੰਦ ਤੋਂ ਨੌਵੇਂ ਪਾਤਸ਼ਾਹ ਜੀ ਉੱਤੇ ਗੋਲੀ ਚਲਵਾਈ।

ਜਿਹੜੇ ਦੁਆਬੇ ਵਾਲੇ ਕਰਤਾਰ ਪੁਰੀਏ ਸੋਢੀ ਹਨ। ਇਹ ਧੀਰਮਲ ਦੀ ਬੰਸ ਹੈ। ਇਹਨਾਂ ਵਿਚੋਂ ਹੀ ਵਡਭਾਗ ਸਿੰਘ ਹੋਇਆ ਹੈ। ਬਾਰਾਂ ਮਿਸਲਾਂ ਦੇ ਸਮੇਂ ਜਲੰਧਰ ਦੇ ਸੂਬੇ ਨੇ ਥੰਮ੍ਹ ਸਾਹਿਬ ਦੀ ਬੇਅਦਬੀ ਕੀਤੀ ਸੀ ਤੇ ਸਾੜ ਦਿੱਤਾ ਸੀ। ਵਡਭਾਗ ਸਿੰਘ ਨੇ ਖੰਡੇ ਦਾ ਅੰਮ੍ਰਿਤ ਛਕਿਆ ਹੋਇਆ ਸੀ। ਉਹ ਧੀਰਮੱਲੀਆਂ ਵਿਚੋਂ ਪਹਿਲਾ ਸਿੰਘ ਸਜਿਆ ਸੀ। ਉਹ ਤੁਰਕਾਂ ਦੇ ਦਲ ਤੋਂ ਡਰਦਾ ਨਾਂ ਤਾਂ ਖ਼ਾਲਸੇ ਪਾਸ (ਜੋ ਜੰਗਲਾਂ ਵਿਚ ਰਹਿੰਦੇ ਸਨ) ਪਤਾ ਦੇ ਸਕਿਆ ਤੇ ਨਾ ਹੀ ਆਪ ਹੀ ਹਿੰਮਤ ਕਰਕੇ ਮੁਕਾਬਲਾ ਕੀਤਾ। ਉਸ ਵਕਤ ਸਿੰਘਾਂ ਨੇ, ਏਸ ਨੂੰ ਪਹਾੜਾਂ ਨੂੰ ਭਜ ਗਿਆ ਸਮਝ ਕੇ ਅਤੇ ਭੂਤਨੀਆਂ ਕੱਢਣ ਲੱਗ ਪਿਆ ਜਾਣ ਕੇ, ਤਿਆਗ ਦਿੱਤਾ ਸੀ। ਇਹ ਧੀਰਮੱਲੀਏ ਤਿਆਗੇ ਹੋਏ ਹਨ, ਇਸ ਵਾਸਤੇ ਖ਼ਾਲਸੇ ਨੇ ਧੀਰਮੱਲੀਆਂ ਦਾ ਵਿਸਾਹ ਨਹੀਂ ਕਰਨਾ।

## ੫. ਗੰਗੂ ਸ਼ਾਹੀਏ ਅਤੇ ਹਿੰਦਾਲੀਏ

ਗੰਗੂ ਸ਼ਾਹ ਜਿਸ ਨੇ ਸਰਹੰਦ ਦੇ ਸੂਬੇ ਵਜ਼ੀਰ ਖਾਂ ਪਾਸ ਛੋਟੇ ਸਾਹਿਬਜ਼ਾਦਿਆਂ ਨੂੰ ਪਕੜਾ ਕੇ ਨੀਹਾਂ ਵਿਚ ਚਿਣਵਾਇਆ ਸੀ, ਇਸ ਨਿਮਕ-ਹਰਾਮੀ ਦੀ ਬੰਸ ਦਾ ਖਾਲਸੇ ਨੇ ਵਿਸਾਹ ਨਹੀਂ ਕਰਨਾ (ਹਿੰਦਾਲੀਏ) ਜਿਹਨਾਂ ਨੇ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਗਾੜ ਦਿੱਤੀ ਸੀ, ਸਿੰਘ ਸਿੰਘਣੀਆਂ ਨੂੰ ਪਕੜਾ ਕੇ ਜੇਲ੍ਹਾਂ ਵਿਚ ਸ਼ਹੀਦ ਕਰਵਾਇਆ ਸੀ। ਨੌਵੇਂ ਪਾਤਸ਼ਾਹ ਜੀ ਤੇ ਗੋਲੀ ਚਲਾਉਣ ਵਾਲੇ ਸ਼ੀਹੇਂ ਮਸੰਦ ਦੀ ਬੰਸ ਵੀ ਗੁਰੂ ਘਰ ਤੋਂ ਬੇਮੁਖ ਹੈ।

ਖ਼ਾਲਸਾ ਜੀ ਜੇ ਇਹਨਾਂ ਪੰਜਾਂ ਵਿਚੋਂ ਕੋਈ ਵੀ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਛਕ ਲਵੇ; ਰਹਿਤ ਰੱਖੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨੇ ਤੇ ਦ੍ਰਿੜ੍ਹ ਨਿਸ਼ਚਾ ਕਰੇ ਤਾਂ ਉਹ ਸਾਡਾ ਗੁਰ-ਭਾਈ ਹੈ।

## ਪੰਜਾਂ ਨਾਲ ਮੇਲ ਨਹੀਂ ਕਰਨਾ

(ਭਾਵ ਰੋਟੀ, ਬੇਟੀ ਦੀ ਸਾਂਝ ਨਹੀਂ ਕਰਨੀ)

### ੧. ਨੜੀ ਮਾਰ

ਤਮਾਕੂ, ਸਿਗਰਟ, ਨਸਵਾਰ, ਜਰਦਾ ਖੈਣੀ ਆਦਿ ਜਿਸ ਵਸਤੂ ਵਿਚ ਤਮਾਕੂ ਦੀ ਰੱਤੀ ਕੁ ਵੀ ਅੰਸ ਪੈਂਦੀ ਹੈ, ਵਰਤਣ ਵਾਲਿਆਂ ਨਾਲ ਕਦੇ ਮਿਲਾਪ ਨਹੀਂ ਕਰਨਾ।

### ੨. ਕੁੜੀ ਮਾਰ

ਜੰਮਦੀਆਂ ਕੁੜੀਆਂ ਨੂੰ ਮਾਰ ਦੇਣ ਵਾਲੇ :

**ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ ॥**
**ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ ॥** *(੧੪੧੩)*

**ਕੰਨਿਆ ਕੋ ਮਾਰੇ ਮੋਨੇ ਕੋ ਕੰਨਿਆਂ ਦੇਵੇ ਸੋ ਤਨਖਾਹੀਆ ॥**
*(ਰਹਿਤਨਾਮਾ ਭਾਈ ਦਯਾ ਸਿੰਘ ਜੀ)*

### ੩. ਲੜਕੀਆਂ ਵੇਚਣ ਵਾਲੇ

ਰੁਪਏ ਲੈ ਕੇ ਲੜਕੀਆਂ ਦੇ ਵਿਆਹ ਕਰਨ ਵਾਲੇ।

### ੪. ਸਿਰ ਗੁੰਮ

ਵਿਚੋਂ ਵਿਚੋਂ ਸਿਰ ਮੁਨਾਉਣ ਵਾਲੇ ਅਤੇ ਚੁਫੇਰਿਓਂ ਕੇਸ ਰੱਖਣ ਵਾਲੇ।

### ੫. ਮੋਨੇ

ਮੁਹੰਮਦ ਦਾ ਪੋਲਾ ਫਿਰਾਉਣ ਵਾਲੇ, ਭਾਵ ਸਿਰ ਮੂੰਹ ਤੋਂ ਸਾਰੇ ਕੇਸ ਮੁਨਾ ਦੇਣ ਵਾਲੇ।

ਨਰਕਧਾਰੀਏ ਜਿਹਨਾਂ ਨੂੰ ਛੇਕਣ ਵਾਸਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ੧੦ ਜੂਨ, ੧੯੭੮ ਨੂੰ ਹੁਕਮਨਾਮਾ ਜਾਰੀ ਹੋਇਆ ਹੈ। ਰਾਧਾ ਸੁਆਮੀ, ਸੱਚੇ ਸੌਦੇ ਵਾਲੇ ਆਦਿ ਜੋ ਆਪਣੇ ਆਪ ਨੂੰ ਗੁਰੂ ਅਖਵਾਉਂਦੇ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਨਹੀਂ ਮੰਨਦੇ। ਇਹਨਾਂ ਨਾਲ ਰੋਟੀ ਬੇਟੀ ਦੀ ਸਾਂਝ ਨਹੀਂ ਕਰਨੀ, ਵਿਸਾਹ ਨਹੀਂ ਕਰਨਾ। ਜੇ ਪੰਜਾਂ ਪਿਆਰਿਆ ਕੋਲੋਂ ਅੰਮ੍ਰਿਤ ਛਕਣ, ਰਹਿਤ ਰੱਖਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਤਾਂ ਉਹਨਾਂ ਨਾਲ ਮੇਲ ਕਰਨਾ ਹੈ। ਤਾਂ ਉਹ ਸਾਡੇ ਗੁਰ-ਭਾਈ ਹਨ।

# ਅਨੰਦ ਕਾਰਜ ਸੰਸਕਾਰ

ਪੁਰਾਤਨ ਲੋਕਾਂ ਨੇ ਕਾਰਜਾਂ ਦੀ ਸਿੱਧੀ ਵਾਸਤੇ ਮਨੁੱਖੀ ਸਮਾਜ ਨੂੰ ਚਾਰ ਵਰਨਾਂ ਤੇ ਚਾਰ ਆਸ਼ਰਮਾਂ ਵਿਚ ਵੰਡਿਆ ਸੀ। ਸੰਨਿਆਸ ਨੂੰ ਹੀ ਪ੍ਰਧਾਨ ਮੰਨਿਆ ਸੀ ਕਿ ਸੰਨਿਆਸ ਧਾਰਨ ਕਰਕੇ ਹੀ ਪ੍ਰਮੇਸ਼ਰ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਗ੍ਰਹਿਸਤ ਆਸ਼ਰਮ ਨੂੰ ਬਾਕੀ ਆਸ਼ਰਮਾਂ ਨਾਲੋਂ ਮਾੜਾ ਤੇ ਗਲੀਚ ਸਮਝ ਕੇ ਪ੍ਰਮਾਰਥ ਦੇ ਰਸਤੇ ਵਿਚ ਭਾਰੀ ਰੁਕਾਵਟ ਵਾਲਾ ਜਾਣਿਆ ਅਤੇ ਕਿਹਾ, "ਇਸ ਵਿਚ ਫਸੇ ਮਨੁੱਖ ਨੂੰ ਉੱਕਾ ਹੀ ਪ੍ਰਮੇਸ਼ਰ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸੇ ਹੀ ਪ੍ਰੇਰਨਾ ਨੇ ਭਰਥਰੀ ਅਤੇ ਗੋਪੀ ਚੰਦ ਵਰਗੇ ਰਾਜਿਆਂ ਨੂੰ ਰਾਜ ਭਾਗ ਦੇ ਸੁੱਖ ਤੋਂ ਵਾਂਝਾ ਕਰਕੇ ਕੰਨ ਪੜਵਾ ਕੇ, ਜੰਗਲਾਂ ਵਿਚ ਜਾਣ ਲਈ ਮਜ਼ਬੂਰ ਕਰ ਦਿੱਤਾ। ਬਨਵਾਸੀ ਬਣ ਕੇ ਗਲ ਵਿਚ ਖਫਨੀ ਹੱਥ ਵਿਚ ਡੰਡਾ, ਮੋਢੇ 'ਤੇ ਝੋਲੀ ਪਾ ਕੇ ਭਿੱਖਿਆ ਮੰਗ ਮੰਗ ਕੇ ਅਖ਼ੀਰ ਉਹਨਾਂ ਨੂੰ ਦੁਖੀ ਹੋ ਕੇ ਰੋਣਾ ਹੀ ਪਿਆ :

**ਯਥਾ :** **ਰੋਵਹਿ ਰਾਜੇ ਕੰਨ ਪੜਾਇ॥**
**ਘਰਿ ਘਰਿ ਮਾਗਹਿ ਭੀਖਿਆ ਜਾਇ॥** *(ਪੰਨਾ ੯੫੪)*

ਮੰਦ ਬੈਰਾਗਿ ਜਾਂ ਕਾਰਨ ਬੈਰਾਗਿ ਦੀ ਹਾਲਤ ਵਿਚ, ਘਰ ਤਿਆਗ ਕੇ ਜੰਗਲ ਦੇ ਫੁੱਲ ਫਲ ਖਾਣ ਨਾਲ ਪ੍ਰਮੇਸ਼ਰ ਦੀ ਪ੍ਰਾਪਤੀ ਤਾਂ ਕੀ ਹੋਣੀ ਹੈ ਵਿਕਾਰ ਵੀ ਨਹੀਂ ਮਿਟਦੇ :

**ਯਥਾ :** **ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ॥**
**ਅਜਹੁ ਬਿਕਾਰੁ ਨ ਛੋਡਈ ਪਾਪੀ ਮਨੁ ਮੰਦਾ॥** *(ਪੰਨਾ ੮੫੫)*

**ਅਥਵਾ :** **ਮਾਈ ਮਾਗਤ ਤ੍ਰੈ ਲੋਭਾਵਹਿ॥** *(ਪੰਨਾ ੬੦੩)*

ਦੀ ਹਾਲਤ ਬਣੀ ਰਹਿੰਦੀ ਹੈ। ਬੇਅੰਤ ਐਸੇ ਰਿਖੀ, ਮੁਨੀ; ਸ੍ਰਿੰਗੀ ਰਿਖੀ, ਸੌਰਭ ਰਿਖੀ, ਜੈਮਨ ਮੁਨੀ, ਨਾਰਦਮੁਨੀ ਆਦਿ ਹੋਏ ਹਨ, ਜਿਹਨਾਂ ਨੂੰ ਮਨ ਦੀ ਐਸੀ ਅਵਸਥਾ ਹੋਣ ਕਰਕੇ ਪਛਤਾਉਣਾ ਹੀ ਪਿਆ ਤਾਂ ਹੀ ਸਤਿਗੁਰੂ ਜੀ ਨੇ ਫ਼ੁਰਮਾਇਆ,

**ਇਸ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਏ ॥** *(ਪੰਨਾ ੫੮੭)*

ਘਰ ਬਾਰ ਨੂੰ ਛੱਡ ਕੇ ਜੰਗਲ ਵਿਚ ਜਾਣ ਦੀ, ਤਾਂ ਲੋੜ ਹੈ ਜੇਕਰ ਰੱਬ ਕਿਤੇ ਜੰਗਲ ਵਿਚ ਕੁਟੀਆ ਬਣਾਈ ਬੈਠਾ ਹੋਵੇ ਜਦੋਂ ਕਿ ਉਸ ਨੂੰ ਪ੍ਰਾਪਤ ਅੰਦਰੋਂ ਹੀ ਕਰਨਾ ਹੈ ਸ਼ਬਦ ਵਿਚ ਸੁਰਤ ਜੋੜ ਕੇ, ਫਿਰ ਬਾਹਰ ਜਾਣ ਦੀ ਕੀ ਲੋੜ ਹੈ ?

ਤਾਂ ਹੀ ਤਾਂ ਜੰਗਲਾਂ ਵਿਚ ਭਟਕਣ ਨੂੰ ਭਗਤ ਫਰੀਦ ਜੀ ਨੇ ਨਿਰਾਰਥ ਕਿਹਾ ਹੈ :

**ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥**
**ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥** *(ਪੰਨਾ ੧੩੭੮)*

**ਅਥਵਾ : ਕਾਹੇ ਰੇ ਬਨ ਖੋਜਨ ਜਾਈ ॥**
**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ਰਹਾਉ॥**
**ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥**
**ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥੧॥**
*(ਪੰਨਾ ੬੮੪)*

ਹਉਮੈ ਦੀ ਨਵਿਰਤੀ ਹੋਣ ਤੇ ਨਾਮ ਦੇ ਰਿਦੇ ਵਿਚ ਵੱਸਣ ਤੋਂ ਹੀ ਉਸ ਦੀ ਪ੍ਰਾਪਤੀ ਹੋਣੀ ਹੈ :

**ਯਥਾ : ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥**
*(ਪੰਨਾ ੫੬੦)*

ਜਦੋਂ ਕਿ :

**ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥**
*(ਪੰਨਾ ੧੫)*

ਆਦਿ ਬਾਹਰਲੇ ਸਾਰੇ ਰਸਾਂ ਤੋਂ ਨਿਰਾਸ ਹੋਣ ਕਰਕੇ ਵਾਹਿਗੁਰੂ ਨਾਮ ਰਿਦੇ

ਵਿਚ ਵੱਸ ਕੇ ਪ੍ਰਕਾਸ਼ ਕਰੇਗਾ। ਉਦੋਂ ਅੰਦਰੋਂ ਹੀ ਪਰਮੇਸ਼ਰ ਸਾਖ਼ਿਆਤ ਹੋ ਜਾਵੇਗਾ। ਲੋੜ ਹੈ ਰਸਾਂ ਤੋਂ ਨਿਰਲੇਪ ਰਹਿ ਕੇ ਮਨ ਵਿਚ ਨਾਮ ਨੂੰ ਵਸਾਉਣ ਦੀ, ਨਾ ਕਿ ਜੰਗਲਾਂ ਵਿਚ ਐਵੇਂ ਭਟਕਣ ਦੀ। ਇਸੇ ਕਰਕੇ ਹੀ ਸਤਿਗੁਰੂ ਜੀ :

**ਘਰ ਬਾਰੀ ਹੋਇ ਵਰਤਿਆ ਘਰ ਬਾਰੀ ਸਿਖ ਪੈਰੀਂ ਪਾਇਆ॥**

*(ਭਾਈ ਗੁਰਦਾਸ ਜੀ, ਵਾਰ ੬, ਪਉੜੀ ੨)*

ਆਪ ਗ੍ਰਹਿਸਤ ਵਿਚ ਨਿਰਲੇਪ ਰਹੇ ਤੇ ਗੁਰਸਿੱਖਾਂ ਨੂੰ ਵੀ ਘਰ ਵਿੱਚ ਹੀ ਰਹਿ ਕੇ ਨਿਰਲੇਪ ਰਹਿਣ ਦਾ ਉਪਦੇਸ਼ ਬਖ਼ਸ਼ਿਆ ਅਤੇ ਕਿਹਾ :

**ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ॥**
**ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ॥**

*(ਪੰਨਾ ੧੪੨੦)*

ਅਥਵਾ : **ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥**
**ਹਸੰਦਿਆਂ ਖੇਲੰਦਿਆਂ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥**

*(ਪੰਨਾ ੫੨੨)*

ਅੱਜ ਕਲ੍ਹ ਕਈ ਲੋਕ ਗੁਰਮਤਿ ਦੇ ਨਿਯਮਾਂ ਨੂੰ ਛੱਡ ਕੇ ਆਪਣੀ ਮਨ-ਮਰਜ਼ੀ ਨਾਲ ਇਹ ਕਾਰਜ ਕਰਨ ਲੱਗ ਪਏ ਹਨ। ਕਈ ਸਿਖ ਪੈਸਿਆਂ ਦੇ ਲਾਲਚ ਵਿਚ ਫਸ ਕੇ ਬੇ-ਅੰਮ੍ਰਿਤੀਏ ਸਿੱਖ ਨੂੰ ਰਿਸ਼ਤਾ ਕਰਨੋਂ ਨਹੀਂ ਰੁਕਦੇ, ਇਹ ਯੋਗ ਨਹੀਂ। ਆਪਸੀ ਸਬੰਧ ਦਾ ਆਧਾਰ ਧਰਮ ਤੇ ਗੁਣ ਹੋਣੇ ਚਾਹੀਦੇ ਹਨ। ਪਦਾਰਥਾਂ ਤੇ ਧਨ ਦਾ ਲੋਭ ਨਹੀਂ ਹੋਣਾ ਚਾਹੀਦਾ। ਗੁਰਮਤਿ ਅਨੁਸਾਰ ਹੁਕਮ ਹੈ ਕਿ ਦੋਵੇਂ ਲੜਕਾ ਲੜਕੀ ਅੰਮ੍ਰਿਤਧਾਰੀ ਹੋਣ। ਕੁੜਮਾਈ ਪੁੰਨ ਅਰਥ ਕਰਨੀ ਹੈ ਭਾਵ ਧੀ ਭੈਣ ਦੇ ਪੈਸੇ ਨਹੀਂ ਲੈਣੇ। ਕਿਸੇ ਕਿਸਮ ਦਾ ਦਾਜ ਨਾ ਲੈਣਾ, ਨਾ ਦੇਣਾ। ਜਿਸ ਬਾਬਤ ਭਾਈ ਸਾਹਿਬ ਸਿੰਘ ਜੀ ਰਹਿਤਨਾਮੇ ਵਿਚ ਲਿਖਦੇ ਹਨ :

**ਕੰਨਿਆ ਦੇਵੈ ਸਿਖ ਕੋ ਲੇਵੈ ਨਹਿ ਕਿਛੁ ਦਾਮ॥**
**ਸੋਈ ਮੇਰਾ ਸਿਖ ਹੈ ਪਹੁਚੇ ਗੁਰ ਕੇ ਧਾਮ॥੨੫॥**

*(ਰਹਿਤਨਾਮਾ, ਪੰਨਾ ੧੬੦)*

ਇਸ ਪ੍ਰਕਾਰ ਧਾਰਮਿਕ ਰਹਿਤ-ਬਹਿਤ ਤੋਂ ਇਲਾਵਾ ਲੜਕੇ ਲੜਕੀ ਦੀ ਉਮਰ, ਧਰਮ, ਵਿੱਦਿਆ, ਰੂਪ ਰੰਗ ਆਦਿ ਗੁਣ ਦੇਖਣੇ ਚਾਹੀਦੇ ਹਨ।

ਲੜਕੀ ਤੇ ਲੜਕਾ ਅੰਮ੍ਰਿਤਧਾਰੀ, ਰਹਿਤ ਵਾਲੇ, ਵੱਧ ਤੋਂ ਵੱਧ ਬਾਣੀਆਂ ਦੇ ਨਿਤਨੇਮੀ ਅਤੇ ਗੁਰ-ਇਤਿਹਾਸ ਤੋਂ ਜਾਣੂੰ ਹੋਣੇ ਚਾਹੀਦੇ ਹਨ।

ਲੜਕੀ ਦੀ ਉਮਰ ਲੜਕੇ ਨਾਲੋਂ ਚਾਰ ਕੁ ਸਾਲ ਘੱਟ ਹੋਣੀ ਚਾਹੀਦੀ ਹੈ। ਕੁੜਮਾਈ ਵੇਲੇ ਲੜਕੀ ਵਾਲੇ ਪਰਿਵਾਰ ਵਲੋਂ ਲੜਕੇ ਨੂੰ ਪੰਜ ਰੁਪਏ ਅਤੇ ਇਕ ਕ੍ਰਿਪਾਨ ਗਾਤਰੇ ਵਾਲੀ ਦਿੱਤੀ ਜਾਵੇ। ਲੜਕੇ ਵਾਲੇ ਘਰੋਂ ਬੀਬੀ ਵਾਸਤੇ ਪੰਜ ਰੁਪਏ, ਕੰਘਾ, ਕ੍ਰਿਪਾਨ ਗਾਤਰੇ ਵਾਲੀ ਭੇਜੇ ਜਾਣ। ਕੁੜਮਾਈ ਵੇਲੇ ਲੜਕੇ ਵਾਲੇ ਯਥਾ ਸ਼ਕਤ ਅਖੰਡਪਾਠ ਜਾਂ ਸਹਿਜ ਪਾਠ ਕਰਵਾ ਕੇ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾ ਕੇ ਗੁਰਬਾਣੀ ਦਾ ਕੀਰਤਨ ਕਰਵਾਉਣ :[1]

**ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥**
**ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ ॥** *(ਪੰਨਾ ੯੧)*

ਆਦਿ ਸ਼ਬਦ ਪੜ੍ਹ ਕੇ, ਅਰਦਾਸ ਕਰਕੇ, ਸ੍ਰੀ ਮੁਖਵਾਕ ਸੁਣ ਕੇ ਭੁਝੰਗੀ ਦੀ ਝੋਲੀ ਵਿਚ ਪੰਜ ਰੁਪਏ ਤੇ ਗਾਤਰੇ ਵਾਲੀ ਕ੍ਰਿਪਾਨ ਪਾਉਣੀ ਅਤੇ ਨਾਲ ਇਹ ਸ਼ਬਦ ਪੜ੍ਹਿਆ ਜਾਵੇ :

**ਸੇ ਸੰਜੋਗ ਕਰਹੁ ਮੇਰੇ ਪਿਆਰੇ ॥**
**ਜਿਤੁ ਰਸਨਾ ਹਰਿ ਨਾਮੁ ਉਚਾਰੇ ॥** *(ਪੰਨਾ ੭੪੩)*

ਕੇਵਲ ਕੜਾਹ ਪ੍ਰਸ਼ਾਦਿ ਹੀ ਵਰਤਾਉਣਾ ਹੈ, ਉਪ੍ਰੰਤ ਛੁਹਾਰਾ ਖਾਣਾ, ਤਿਲਕ ਲਾਉਣਾ, ਗੰਦੇ ਗੀਤ ਗਾਉਣੇ, ਸਿਠਣੀਆਂ ਦੇਣੀਆਂ, ਗੰਦੇ ਰੀਕਾਰਡ ਲਾਉਣੇ ਆਦਿ ਸਭ ਮਨ੍ਹਾਂ ਹਨ। ਇਹੋ ਜਿਹੇ ਸੁਭਾਗੇ ਸਮੇਂ ਸ਼ਰਾਬ ਪੀਣੀ ਅਤੇ ਜੀਵ-ਘਾਤ ਆਦਿ ਪਾਪ ਨਹੀਂ ਕਰਨਾ। ਬਸਤਰ, ਗਹਿਣੇ ਆਦਿ ਲੈਣੇ ਦੇਣੇ ਮਨ੍ਹਾ ਹਨ।

ਜਿਸ ਸਮੇਂ ਲੜਕੀ ਅਤੇ ਲੜਕਾ ਗ੍ਰਹਿਸਤ ਆਸ਼ਰਮ ਵਿਚ ਪ੍ਰਵੇਸ਼ ਕਰਨ ਦੇ ਯੋਗ ਹੋ ਜਾਣ ਤਾਂ ਦੋਹਾਂ ਪਾਸਿਆਂ ਦੇ ਸਬੰਧੀਆਂ ਨੂੰ ਚਾਹੀਦਾ ਹੈ ਕਿ ਉਹ ਗੁਰਮਤਾ ਕਰਕੇ ਬਿਨਾਂ ਜੋਤਿਸ਼ ਆਦਿ ਦੀ ਵਿਚਾਰ ਕਰਨ ਦੇ ਕੋਈ ਯੋਗ ਦਿਨ ਜੋ ਦੋਹਾਂ ਸਬੰਧੀਆਂ ਨੂੰ ਠੀਕ ਲੱਗੇ ਉਹ ਦਿਨ ਨੀਯਤ ਕਰ ਲੈਣਾ ਚਾਹੀਦਾ ਹੈ :

---

੧. ਨੋਟ : ਜੇ ਕਿਸੇ ਕਾਰਨ ਕਰਕੇ ਸ੍ਰੀ ਅਖੰਡਪਾਠ ਜਾਂ ਸਹਿਜ ਪਾਠ ਨਾ ਹੋ ਸਕੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਇਹ ਕਾਰਜ ਹੋਣਾ ਜ਼ਰੂਰੀ ਹੈ।

ਸਾਹਾ ਗਣਹਿ ਨ ਕਰਹਿ ਬੀਚਾਰੁ ॥
ਸਾਹੇ ਊਪਰਿ ਏਕੰਕਾਰੁ ॥ (ਪੰਨਾ ੯੦੪)

ਸਾਹੇ ਚਿੱਠੀ ਦਾ ਸਿਰਲੇਖ "ੴ ਸਤਿਗੁਰ ਪ੍ਰਸਾਦਿ ॥" ਹੋਣਾ ਚਾਹੀਦਾ ਹੈ। ਜਿਸ ਕਰਕੇ ਸਾਰੇ ਬਿਘਨ ਦੂਰ ਤੇ ਕਾਰਜ ਰਾਸ ਹੁੰਦੇ ਹਨ। ਸਮਰਥਾ ਅਨੁਸਾਰ ਅਨੰਦ ਕਾਰਜ ਤੋਂ ਕੁਝ ਦਿਨ ਪਹਿਲਾਂ ਲੜਕੇ ਤੇ ਲੜਕੀ ਵਾਲਿਆਂ ਦੇ ਘਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡਪਾਠ ਜਾ ਸਹਿਜ ਪਾਠ ਹੋਵੇ। ਲੜਕੇ ਵਾਲੇ ਘਰ ਵਿਚ ਇਸ ਅਨੰਦਮਈ ਕਾਰਜ ਸਮੇਂ 'ਵਡਹੰਸੁ ਮਹਲਾ ੪ ਘੋੜੀਆਂ' ਆਦਿਕ ਗੁਰਬਾਣੀ ਦੇ ਸ਼ਬਦ ਪੜ੍ਹੇ ਜਾਣ। ਲੜਕੀ ਵਾਲੇ ਘਰ ਭੀ ਇਸੇ ਤਰ੍ਹਾਂ ਹੋਵੇ ਭਾਵ ਲੜਕੇ ਅਤੇ ਲੜਕੀ ਵਾਲਿਆਂ ਦੇ ਘਰ ਲੌਕਿਕ ਗੀਤ ਨਾ ਗਾਏ ਜਾਣ। ਗੁਰਬਾਣੀ ਦੇ ਸ਼ਬਦ ਹੀ ਪੜ੍ਹੇ ਜਾਵਣ। ਬੀਬੀ ਨੇ ਕਿਸੇ ਕਿਸਮ ਦੇ ਗਹਿਣੇ ਅਤੇ ਵੰਗਾਂ ਨਹੀਂ ਪਹਿਨਣੀਆਂ ਅਤੇ ਸੁਰਖੀ, ਬਿੰਦੀ, ਸਾੜ੍ਹੀ ਆਦਿ ਲਾਉਣੀ ਮਨ੍ਹਾ ਹੈ। ਲੜਕੇ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸ ਕਰਕੇ ਤੇ ਹੁਕਮਨਾਮਾ ਸੁਣ ਕੇ ਫਿਰ ਜੰਞ ਚੜ੍ਹਨ। ਜੰਞ ਬਹੁਤੀ ਜ਼ਿਆਦਾ ਨਾ ਹੋਵੇ। ਗੰਦੇ ਰੀਕਾਰਡ, ਵੇਸਵਾ ਨਚਾਉਣੀ, ਭੰਗੜਾ ਪਾਉਣਾ, ਨੱਚਣਾ ਟੱਪਣਾ ਮਨ੍ਹਾ ਹੈ। ਵਾਗਾਂ ਗੁੰਦਣੀਆਂ, ਤੇਲ ਚੜ੍ਹਾਉਣੇ, ਸਿਹਰੇ ਬੰਨ੍ਹਣੇ[1], ਸਿਰਵਾਰਨੇ[2] ਕਰਨੇ, ਕਲਗੀ ਲਾਉਣੀ, ਖਾਰੇ ਨ੍ਹਾਉਣਾ, ਚੱਪਣੀਆਂ ਭੰਨਣੀਆਂ, ਵਟਣਾ ਮਲਣਾ, ਪਾਣੀ ਵਾਰ ਕੇ ਪੀਣਾ, ਜੰਡੀ ਵੱਢਣੀ, ਜੈ-ਮਾਲਾ ਪਾਉਣੀ, ਕਿਸੇ ਜਠੇਰੇ ਜਾਂ ਪੀਰ ਨੂੰ ਮੱਥਾ ਟੇਕਣਾ ਆਦਿ ਮਨਮਤਾਂ ਨਹੀਂ ਕਰਨੀਆਂ। ਢੁਕਾਉ ਵੇਲੇ

ਹਮ ਘਰਿ ਸਾਜਨ ਆਏ..... ॥ (ਪੰਨਾ ੭੬੪)

ਆਦਿ ਸ਼ਬਦ ਪੜ੍ਹਨੇ ਚਾਹੀਦੇ ਹਨ।

ਸਮੇਂ ਸਿਰ ਲੜਕੀ ਵਾਲਿਆਂ ਦੇ ਘਰ ਪਹੁੰਚ ਕੇ ਸਾਰਿਆਂ ਮਿਲ ਕੇ ਆਪਸ ਵਿਚ ਗੁਰ-ਫ਼ਤਹ ਬੁਲਾਉਣੀ ਹੈ। ਪੈਸੇ ਆਦਿਕ ਨਹੀਂ ਸੁੱਟਣੇ, ਆਪਸੀ ਨਿਰਵਿਘਨ ਮਿਲਾਪ ਲਈ ਅਰਦਾਸ ਕਰਨੀ, ਗੁਰਸਿੱਖਾਂ ਦੀ ਇਹੀ ਮਿਲਣੀ

---

੧. ਕਈਆਂ ਦਾ ਕਹਿਣਾ ਹੈ ਕਿ ਦਸਮ ਪਾਤਸ਼ਾਹ ਜੀ ਨੇ ਆਪ ਸਿਹਰਾ ਬੰਨ੍ਹਿਆ ਸੀ ਜੋ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰਦੁਆਰਾ ਸਿਹਰਾ ਸਾਹਿਬ ਤੋਂ ਸਿਧ ਹੈ। ਉੱਤਰ :-ਇਹ ਤਾਂ ਖੰਡੇ ਬਾਟੇ ਦੇ ਅੰਮ੍ਰਿਤ ਤੋਂ ਪਹਿਲਾਂ ਦੀ ਰੀਤੀ ਹੈ। ਜੋ ਮਗਰੋਂ ਮਨ੍ਹਾ ਕੀਤੀ ਹੈ।

੨. ਸਿਰਵਾਰਨਾ ਨਹੀਂ ਕਰਨਾ, ਅਨੰਦ ਕਾਰਜ ਤੋਂ ਉਪ੍ਰੰਤ ਲੜਕੀ ਲੜਕੇ ਦੇ ਸਿਰਾਂ ਤੋਂ ਵਾਰ ਕੇ ਰੁਪਏ (ਪੈਸੇ) ਨਹੀਂ ਦੇਣੇ, ਜੇ ਦੇਣੇ ਹੋਣ ਤਾਂ ਬਿਨਾਂ ਸਿਰਵਾਰਨੇ ਦੇਣੇ।

ਹੈ। ਸਿੱਠਣੀਆਂ ਦੇਣੀਆਂ, ਜੰਞ ਬੰਨ੍ਹਣੀ ਆਦਿ ਵਿਵਰਜਿਤ ਹਨ। ਇਹ ਸਲੋਕ ਪੜ੍ਹ ਕੇ ਭੋਜਨ ਛਕਣਾ :

**ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥**
**ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ ॥** *(ਪੰਨਾ ੨੬੯)*

ਭੋਜਨ ਛਕ ਕੇ ਚੁਲਾ ਪੜ੍ਹਨਾ ਹੈ ਭਾਵ ਅਰਦਾਸ ਕਰਨੀ ਹੈ ਭਾਵੇਂ ਖੁਲ੍ਹਾ, ਚੌੜਾ ਵੱਡਾ ਘਰ ਵੀ ਕਿਉਂ ਨਾ ਹੋਵੇ, ਅਨੰਦ ਕਾਰਜ ਗੁਰਦੁਆਰਾ ਸਾਹਿਬ ਵਿਖੇ ਹੀ ਹੋਣਾ ਚਾਹੀਦਾ ਹੈ। ਜੇ ਗੁਰਦੁਆਰੇ ਸਾਹਿਬ ਨਾ ਹੋ ਸਕੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਘਰ ਵਿਚ ਸੁੰਦਰ ਅਸਥਾਨ ਤੇ ਕਰਵਾ ਕੇ ਅਨੰਦ ਕਾਰਜ ਕਰਨਾ ਚਾਹੀਦਾ ਹੈ।

**ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥**
*(ਪੰਨਾ ੧੧੮੫)*

ਦੀ ਗੁਰਮਤਿ ਮਰਯਾਦਾ ਅਨੁਸਾਰ ਭੁਝੰਗੀ ਤੇ ਬੀਬੀ ਵਾਲੇ ਸਤਿਕਾਰ ਸਹਿਤ ਗੁਰੂ ਕੀ ਹਜ਼ੂਰੀ ਵਿਚ ਬੈਠਣ। ਲੜਕਾ ਸੱਜੇ ਪਾਸੇ ਤੇ ਲੜਕੀ ਲੜਕੇ ਦੇ ਖੱਬੇ ਪਾਸੇ ਸਤਿਗੁਰੂ ਜੀ ਦੇ ਸਨਮੁਖ ਬਿਨਾਂ ਕਿਸੇ ਉਚੇਚੀ ਵਿਛਾਈ ਦੇ ਬੈਠ ਜਾਣ।[1] ਇਸ ਤੋਂ ਉਪਰੰਤ ਲੜਕੀ ਅਤੇ ਲੜਕੇ ਨੂੰ ਉਹਨਾਂ ਦੇ ਪਿਤਾ ਸਮੇਤ ਖੜੇ ਕਰਕੇ ਗ੍ਰੰਥੀ ਸਿੰਘ ਅਨੰਦ ਕਾਰਜ ਦੀ ਰਸਮ ਦੀ ਅਰੰਭਤਾ ਦੀ ਅਰਦਾਸ ਕਰੇ।[2]

## ਪਾਠ ਅਤੇ ਪ੍ਰਕਰਮਾ

ਪਹਿਲਾਂ ਲਾਵਾਂ ਦੀ ਪਹਿਲੀ ਪਉੜੀ ਦਾ ਪਾਠ ਗ੍ਰੰਥੀ ਸਿੰਘ ਕਰੇ ਅਤੇ ਜੋੜੀ ਬੈਠੀ ਹੀ ਸੁਣੇ ਉਪ੍ਰੰਤ ਗ੍ਰੰਥੀ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਤੇ ਰੁਮਾਲਾ ਪਾ ਦੇਵੇ। ਪਹਿਲੀ ਲਾਵ ਦਾ ਕੀਰਤਨ ਰਾਗੀ ਸਿੰਘ ਕਰਨ ਤੇ ਜੋੜੀ ਸਹਿਜੇ ਸਹਿਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪ੍ਰਕਰਮਾਂ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੱਜੇ ਹੱਥ ਰੱਖ ਕੇ) ਕਰੇ ਅਤੇ ਮੱਥਾ ਟੇਕ ਕੇ ਬੈਠ ਜਾਵੇ। ਪ੍ਰਕਰਮਾ ਬੀਬੀ

---

੧. ਲੜਕੀ ਨੇ ਨੰਗੇ ਮੂੰਹ ਆਪ ਆ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ ਬੈਠਣਾ ਹੈ।
੨. ਲੜਕੀ ਅਤੇ ਲੜਕੇ ਨਾਲ ਉਹਨਾਂ ਦਾ ਪਿਤਾ, ਤਾਇਆ, ਚਾਚਾ, ਮਾਮਾ, ਭਰਾ ਆਦਿਕ ਕੋਈ ਵੀ ਸਬੰਧੀ ਖੜਾ ਕੀਤਾ ਜਾ ਸਕਦਾ ਹੈ।

ਆਪ ਕਰੇ, ਕਿਸੇ ਨੇ ਪਕੜਨਾ ਨਹੀਂ, ਨਾ ਹੀ ਕਿਸੇ ਨੇ ਖੜੇ ਹੋਣਾ ਹੈ। ਬੀਬੀ ਨੇ ਕਦੇ ਵੀ ਘੁੰਡ ਨਹੀਂ ਕੱਢਣਾ, ਪ੍ਰਕਰਮਾ ਕਰਨੀਆਂ ਜ਼ਰੂਰੀ ਹਨ, ਫਿਰ ਗ੍ਰੰਥੀ ਸਿੰਘ ਦੂਜੀ ਲਾਵ ਦਾ ਪਾਠ ਕਰੇ, ਜਦੋਂ ਰਾਗੀ ਸਿੰਘ ਉਸੇ ਲਾਵ ਦਾ ਕੀਰਤਨ ਕਰਨ ਤਾਂ ਲੜਕਾ ਲੜਕੀ ਪਹਿਲਾਂ ਵਾਂਗ ਪ੍ਰਕਰਮਾ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ ਬੈਠ ਜਾਣ। ਇਸੇ ਪ੍ਰਕਾਰ ਹੀ ਤੀਜੀ ਅਤੇ ਚੌਥੀ ਲਾਵ ਦਾ ਪਾਠ ਤੇ ਕੀਰਤਨ ਕਰਦੇ ਹੋਏ ਪ੍ਰਕਰਮਾ ਕਰਨੀਆਂ ਹਨ। ਹਰ ਲਾਵ ਦੇ ਪਾਠ ਪਿਛੋਂ ਗ੍ਰੰਥੀ ਸਿੰਘ ਗੁਰੂ ਗ੍ਰੰਥ ਸਾਹਿਬ ਜੀ ਦੇ ਉਤੇ ਰੁਮਾਲਾ ਅਦਬ ਸਹਿਤ ਪਾ ਦੇਵੇ। ਜੇ ਰਾਗੀ ਸਿੰਘ ਨਾ ਮਿਲਣ ਤਾਂ ਗ੍ਰੰਥੀ ਸਿੰਘ ਇਕ ਲਾਵ ਦਾ ਪਾਠ ਕਰਕੇ ਉਪਰ ਰੁਮਾਲਾ ਦੇ ਕੇ ਸਤਿਨਾਮ ਵਾਹਿਗੁਰੂ ਦਾ ਜਾਪ ਕਰੇ। ਜੋੜੀ ਪ੍ਰਕਰਮਾ ਕਰੇ। ਇਸੇ ਤਰ੍ਹਾਂ ਚਾਰ ਲਾਵਾਂ ਸੰਪੂਰਨ ਕਰਨੀਆਂ ਹਨ। ਪ੍ਰਕਰਮਾ ਵੇਲੇ ਗ੍ਰੰਥੀ ਸਿੰਘ ਨੂੰ ਤਾਬਿਆ ਵਿਚੋਂ ਨਹੀਂ ਉਠਾਉਣਾ।[1]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪ੍ਰਕਰਮਾ ਸੁਭਾਗ ਜੋੜੀ ਨੇ ਜ਼ਰੂਰ ਕਰਨੀਆਂ ਹਨ। ਕਈ ਬੈਠਿਆਂ ਹੀ ਅਨੰਦ ਕਾਰਜ ਕਰਨ ਦੀ ਮਨਮੱਤ ਕਰਦੇ ਹਨ: ਇਹ ਭੁੱਲ ਕਦੇ ਵੀ ਨਹੀਂ ਕਰਨੀ।

**ਚਰਨ ਅਮੋਲ ਪਰਦਛਨਾ ਕਰਨ ਕੈ ॥** *(ਭਾਈ ਗੁਰਦਾਸ ਜੀ)*

ਸਤਿਗੁਰੂ ਜੀ ਦੀਆਂ ਪ੍ਰਕਰਮਾ ਕਰਨ ਦਾ ਭਾਵ ਹੈ ਕਿ ਅਸੀਂ ਆਪਣਾ ਤਨ, ਮਨ, ਧਨ, ਹਜ਼ੂਰ ਤੋਂ ਕੁਰਬਾਨ ਕਰਦੇ ਹਾਂ। ਆਪ ਜੀ ਸਾਖੀ ਬਣੋ, ਲੋਕ ਪ੍ਰਲੋਕ ਵਿਚ ਆਪ ਸਹਾਇਤਾ ਕਰੋ। ਅਸੀਂ ਮਨ ਬਾਣੀ ਕਰਕੇ ਤੁਹਾਡੇ ਦਾਸ ਹਾਂ। ਸੋ ਜੇ ਵਿਆਹ ਵਰਗੀ ਖ਼ੁਸ਼ੀ ਵਿਚ ਪ੍ਰਕਰਮਾ ਨਹੀਂ ਕਰਨੀਆਂ ਤਾਂ ਕਦੋਂ ਕਰਨੀਆਂ ਹਨ? ਪ੍ਰਕਰਮਾ ਕਿਸੇ ਮਨੁੱਖ, ਅੱਗ ਜਾਂ ਵੇਦੀ ਦੁਆਲੇ ਨਹੀਂ ਕਰਨੀਆਂ। ਲਾਵਾਂ ਤੋਂ ਉਪ੍ਰੰਤ ਰਾਗੀ ਸਿੰਘਾਂ ਦੇ ਸ਼ਬਦ ਪੜ੍ਹਦਿਆਂ ਪੜ੍ਹਦਿਆਂ ਗ੍ਰੰਥੀ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਗੁਪਤ ਅਨੰਦੁ ਸਾਹਿਬ (ਚਾਲ੍ਹੀ ਪਉੜੀਆਂ) ਦਾ ਪਾਠ ਕਰੇ। ਜੇ ਰਾਗੀ ਸਿੰਘ ਨਾ ਹੋਵਣ ਤਾਂ ਸੰਗਤ

---

੧. ਅਗਿਆਨੀ ਲੋਕ ਇਹ ਨਹੀਂ ਸਮਝਦੇ ਕਿ ਗ੍ਰੰਥੀ ਸਿੰਘ ਤਾਂ ਮਹਾਰਾਜ ਦਾ ਵਜ਼ੀਰ ਹੈ, ਲੜਕੀ ਉਸ ਨਾਲ ਕਿਸੇ ਵੀ ਤਰ੍ਹਾਂ ਵਿਆਹੀ ਨਹੀਂ ਜਾ ਸਕਦੀ ਕਿਉਂਕਿ ਉਹ ਮੰਗਣੇ ਸਮੇਂ ਜਿਸ ਵਿਅਕਤੀ ਨਾਲ ਮੰਗੀ ਗਈ ਸੀ ਅਤੇ ਲਾਵਾਂ ਤੋਂ ਪਹਿਲਾਂ ਪੱਲਾ ਫੜਨ ਵੇਲੇ ਉਹ ਉਸੇ ਹੀ ਵਿਅਕਤੀ ਨਾਲ ਵਚਨਬੱਧ ਹੋ ਚੁੱਕੀ ਹੋਈ ਹੁੰਦੀ ਹੈ ਤਾਂ ਫਿਰ ਗ੍ਰੰਥੀ ਸਿੰਘ ਨਾਲ ਕਿਵੇਂ ਵਿਆਹੀ ਜਾਵੇਗੀ।

ਨੂੰ ਸੁਣਾ ਕੇ ਹੀ ਅਨੰਦੁ ਸਾਹਿਬ ਦਾ ਸੰਪੂਰਨ ਪਾਠ ਕਰੇ। ਫਿਰ ਗੁਰਮਤਿ ਅਨੁਸਾਰ ਕੁਝ ਸਿੱਖਿਆ ਸੁਣਾਈ ਜਾਵੇ। ਸਿਹਰਾ ਨਹੀਂ ਪੜ੍ਹਨਾ ਅਰਦਾਸ ਕਰਕੇ ਹੁਕਮਨਾਮਾ ਲੈ ਕੇ ਦੇਗ ਵਰਤਾਉਣੀ ਹੈ।[1]

ਇਸ ਸਮੇਂ ਲੜਕੀ ਅਤੇ ਲੜਕੇ ਨੂੰ ਕੁਝ ਸਿੱਖਿਆ ਧਿਆਨ ਨਾਲ ਸੁਨਣੀ ਚਾਹੀਦੀ ਹੈ ਜਿਸ ਸਿੱਖਿਆ ਦੀ ਨੀਂਹ ਤੇ ਆਪਣੇ ਆਪ ਨੂੰ ਚਲਾ ਕੇ ਵਿਹਾਰ ਅਤੇ ਪ੍ਰਮਾਰਥ ਨੂੰ ਸਿਧ ਕਰਕੇ ਆਪਣੀ ਜੀਵਨ ਦੀ ਅਸਲੀ ਮੰਜ਼ਲ ਤੇ ਪਹੁੰਚ ਸਕੀਦਾ ਹੈ। ਸੋ ਕਰਨ ਯੋਗ ਕੁਝ ਕਰਤੱਬ ਇਸ ਤਰ੍ਹਾਂ ਹਨ : ਜਿਹਨਾਂ ਨੂੰ ਕਰਮ, ਧਰਮ, ਨੇਮ, ਬ੍ਰਤ, ਪੂਜਾ ਦੇ ਰੂਪ ਵਿਚ ਕਈ ਥਾਈਂ ਸਤਿਗੁਰੂ ਜੀ ਨੇ ਫ਼ੁਰਮਾਇਆ ਹੈ। ਜਿਸ ਅਨੁਸਾਰ ਤੁਸੀਂ ਆਪਣੀ ਜ਼ਿੰਦਗੀ ਸੁਖਾਵੀਂ ਬਣਾ ਸਕਦੇ ਹੋ।

### ੧. ਕਰਮ

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ॥**
**ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥**

(ਇਹ ਸਾਰਾ ਸ਼ਬਦ ਸੁਣਾਓ)

**ਕੇਵਲ ਕਰਮ ਭਰਮ ਸੇ ਚੀਨਹੁ ਧਰਮ ਕਰਮ ਅਨੁਰਾਗੋ॥**
**ਸੰਗ੍ਰਹ ਕਰੋ ਸਦਾ ਸਿਮਰਨ ਕੋ ਪਰਮ ਪਾਪ ਤਜਿ ਭਾਗੋ॥**

*(ਦਸਮ ਅੰਗ ੭੧੦)*

ਅਥਵਾ : **ਗੁਰਮੁਖਿ ਨਾਮੁ ਦਾਨੁ ਇਸਨਾਨੁ॥** *(ਪੰਨਾ ੯੪੨)*

ਨਾਮ ਜਪਣ ਕਰਕੇ ਸਾਰੇ ਪਾਪ ਨਾਸ ਹੋ ਜਾਂਦੇ ਹਨ। ਦਾਨ ਕਰਕੇ ਕਮਾਈ ਸਫਲੀ ਹੁੰਦੀ ਹੈ।

ਯਥਾ : **ਘਾਲਿ ਖਾਇ ਕਿਛੁ ਹਥਹੁ ਦੇਇ॥**
**ਨਾਨਕ ਰਾਹੁ ਪਛਾਣਹਿ ਸੇਇ॥** *(ਪੰਨਾ ੧੨੪੫)*

ਕਿਰਤ ਵਿਚੋਂ ਜੋ ਦਸਵੰਧ ਗੁਰੂ ਅਰਥ ਕਢਿਆ ਜਾਵੇ, ਗੁਰਮਤਿ ਦੇ ਪ੍ਰਚਾਰ ਲਈ, ਗੁਰੂ ਕੇ ਲੰਗਰ ਲਈ ਅਤੇ ਗੁਰੂ ਘਰ ਦੀ ਹਰ ਪ੍ਰਕਾਰ ਦੀ ਸੇਵਾ ਵਾਸਤੇ,

---

੧. ਜੇ ਕਿਸੇ ਕਾਰਨ ਦੁਬਾਰਾ ਅਨੰਦ ਕਾਰਜ ਕਰਨਾ ਹੋਵੇ ਤਾਂ ਵੀ ਪ੍ਰਕਰਮਾ ਕਰਨੀਆਂ ਜ਼ਰੂਰੀ ਹਨ।

ਤਾਂ ਬਾਕੀ ਦੇ ਪਦਾਰਥਾਂ ਵਿਚ ਬਰਕਤ ਪੈਂਦੀ ਹੈ। ਤਨ ਮਨ ਧਨ ਪਵਿੱਤਰ ਹੁੰਦਾ ਹੈ। ਘਰ ਵਿਚ ਸੁੱਖ ਅਨੰਦ ਰਹਿੰਦਾ ਹੈ। ਜੇ ਦਾਨ ਨਾ ਕਰੇ ਤਾਂ :

**ਜੋ ਬਾਬੇ ਕੇ ਦਾਮ ਨ ਦੈਹੈ ॥**
**ਤਿਨ ਕੇ ਗਹਿ ਬਾਬਰ ਕੇ ਲੈਹੈ ॥** *(ਦਸਮ ਅੰਗ ੭੧)*

ਮੁਕੱਦਮੇ, ਬੀਮਾਰੀ, ਚੋਰੀ ਆਦਿਕਾਂ ਨਾਲ ਬਰਬਾਦ ਹੁੰਦਾ ਹੈ, ਬਰਕਤ ਨਹੀਂ ਰਹਿੰਦੀ। ਇਸ ਕਰਕੇ ਗੁਰੂ ਘਰ ਦਾ ਦਸਵੰਧ ਨੇਕ ਕਮਾਈ ਵਿਚੋਂ ਦੇਣਾ ਜ਼ਰੂਰੀ ਹੈ।

ਯਥਾ : **ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ ॥**
**ਤੇ ਘਰ ਮਰਹਟ ਸਾਰਖੇ ਭੂਤ ਵਸਹਿ ਤਿਨ ਮਾਹਿ ॥** *(ਪੰਨਾ ੧੩੭੪)*

ਇਸ਼ਨਾਨ ਕਰਨੇ ਕਰਕੇ ਸਰੀਰ ਦੀ ਸ਼ੁੱਧੀ ਹੁੰਦੀ ਹੈ ਅਤੇ ਆਲਸ ਦੂਰ ਹੁੰਦੀ ਹੈ।

## ੨. ਧਰਮ

ਧਰਮ ਦੋ ਤਰ੍ਹਾਂ ਦਾ ਹੈ। ਇਕ ਤਾਂ ਸਾਧਾਰਨ ਧਰਮ ਜੋ ਸਭ ਦਾ ਸਾਂਝਾ ਹੈ। ਪ੍ਰਮੇਸ਼ਰ ਨੂੰ ਚੇਤੇ ਕਰਨਾ, ਧਰਮ ਦੀ ਕ੍ਰਿਤ ਕਰਨੀ ਪ੍ਰਾਣੀ ਮਾਤ੍ਰ ਦੀ ਸੇਵਾ ਕਰਨੀ। ਦੂਜਾ ਅਸਾਧਾਰਣ ਧਰਮ ਭਾਵ ਖਾਸ ਧਰਮ, ਜੋ ਹਿੰਦੂ, ਮੁਸਲਿਮ ਈਸਾਈ ਆਦਿਕਾਂ ਦਾ ਵੱਖੋ ਵੱਖ ਹੈ। ਗੁਰਸਿੱਖਾਂ ਦਾ ਆਪਣਾ ਧਰਮ ਹੈ। ਜੋ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਪਾਨ ਕਰਕੇ, ਪੰਜਾਂ ਕਕਾਰਾਂ ਦੀ ਰਹਿਤ ਰੱਖਣੀ। ਚਾਰ ਬੱਜਰ ਕੁਰਹਿਤਾਂ ਤੋਂ ਬਚ ਕੇ ਰਹਿਣਾ, ਨਾਮ ਬਾਣੀ ਦੇ ਅਭਿਆਸੀ ਹੋਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਕਿਸੇ ਨੂੰ ਗੁਰੂ ਨਾ ਮੰਨਣਾ। ਇਹ ਗੁਰਸਿੱਖਾਂ ਦਾ ਧਰਮ ਹੈ। ਜੋ ਗੁਰਸਿੱਖਾਂ ਨੂੰ ਜਾਨ ਤੋਂ ਵੀ ਪਿਆਰਾ ਹੈ। ਜਿਵੇਂ ਭਾਈ ਮਤੀ ਦਾਸ ਜੀ, ਭਾਈ ਦਿਆਲ ਦਾਸ, ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਜੀ ਆਦਿਕਾਂ ਨੇ ਸ਼ਹੀਦੀਆਂ ਦੇ ਦਿੱਤੀਆਂ ਪਰ ਧਰਮ ਨਹੀਂ ਛੱਡਿਆ।

## ੩. ਨੇਮ

ਲੋਕ ਤੀਰਥਾਂ 'ਤੇ ਜਾ ਕੇ ਕਿਸੇ ਨਾ ਕਿਸੇ ਚੀਜ ਦੇ ਛੱਡਣ ਦਾ ਨਿਯਮ

ਕਰਦੇ ਹਨ। ਕੋਈ ਕਹਿੰਦਾ ਹੈ ਮੈਂ ਅੱਜ ਤੋਂ ਕੇਲੇ ਦੀ ਛੱਲੀ ਨਹੀਂ ਖਾਣੀ, ਕੋਈ ਕਹਿੰਦਾ ਹੈ ਮੈਂ ਅੱਜ ਤੋਂ ਛੇ ਮਹੀਨੇ ਜੁੱਤੀ ਨਹੀਂ ਪਾਉਣੀ ਆਦਿ। ਪਰ ਗੁਰਸਿੱਖਾਂ ਨੂੰ ਇਹ ਨੇਮ ਕਰਨਾ ਚਾਹੀਦਾ ਹੈ:

ਯਥਾ: ਮਾਰੂ ਮਹਲਾ ੫ ਘਰੁ ੪ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

ਚਾਦਨਾ ਚਾਦਨੁ ਆਂਗਨਿ ਪ੍ਰਭ ਜੀਉ ਅੰਤਰਿ ਚਾਦਨਾ ॥੧॥
ਅਰਾਧਨਾ ਅਰਾਧਨੁ ਨੀਕਾ ਹਰਿ ਹਰਿ ਨਾਮੁ ਅਰਾਧਨਾ ॥੨॥
ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ ॥੩॥
ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ ॥੪॥
ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ ॥੫॥
ਲਾਗਨਾ ਲਾਗਨੁ ਨੀਕਾ ਗੁਰ ਚਰਣੀ ਮਨੁ ਲਾਗਨਾ ॥੬॥
ਇਹ ਬਿਧਿ ਤਿਸਹਿ ਪਰਾਪਤੇ ਜਾ ਕੈ ਮਸਤਕਿ ਭਾਗਨਾ ॥੭॥
ਕਹੁ ਨਾਨਕ ਤਿਸੁ ਸਭੁ ਕਿਛੁ ਨੀਕਾ ਜੋ ਪ੍ਰਭ ਕੀ ਸਰਨਾਗਨਾ ॥੮॥੧॥

(ਪੰਨਾ ੧੦੧੮)

ਅਥਵਾ: ਨਉਮੀ ਨੇਮੁ ਸਚੁ ਜੇ ਕਰੈ ਕਾਮ ਕ੍ਰੋਧੁ ਤ੍ਰਿਸਨਾ ਉਚਰੈ ॥

(ਪੰਨਾ ੧੨੪੫)

ਸੱਚ ਬੋਲਣ ਦਾ ਨੇਮ ਨਿਬਾਹੇ ਝੂਠ ਬੋਲਣ ਦਾ ਸੰਜਮ ਕਰੇ। ਗੁਰਸਿੱਖਾਂ ਨੂੰ ਵੱਧ ਤੋਂ ਵੱਧ ਬਾਣੀ ਪੜ੍ਹਨ ਦਾ, ਅੰਮ੍ਰਿਤ ਵੇਲੇ ਉੱਠਣ ਦਾ, ਨਾਮ ਦਾਨ ਇਸ਼ਨਾਨ ਕਰਨ ਦਾ, ਅਉਗੁਣ ਤਿਆਗਣ ਦਾ ਅਤੇ ਜਤ ਸਤ ਵਿਚ ਪੱਕੇ ਰਹਿਣ ਦਾ ਨੇਮ ਕਰਨਾ ਚਾਹੀਦਾ ਹੈ।

## ੪. ਬ੍ਰਤ

ਕੋਈ ਚੰਦ੍ਰਾਇਣੀ ਵਰਤ, ਕੋਈ ਕ੍ਰਿਸ਼ਨ ਅਸ਼ਟਮੀ, ਕੋਈ ਰਾਮਨੌਮੀ, ਕੋਈ ਬਾਵਨ ਦੁਆਦਸ਼ੀ, ਕੋਈ ਨਰਸਿੰਘ ਚੌਦੇਂ, ਕੋਈ ਪੁੰਨਿਆਂ, ਸੰਗਰਾਂਦ, ਮੰਗਲਵਾਰ ਆਦਿਕਾਂ ਦਾ ਵਰਤ ਰੱਖਦੇ ਹਨ। ਇਕਾਦਸ਼ੀ ਦੀ ਭੁੱਖ ਦੁਆਦਸ਼ੀ ਵਿਚ ਕੱਢਦੇ ਹਨ ਅਤੇ ਮੁਸਲਮਾਨ ਵੀ ਰੋਜੇ ਰੱਖਦੇ ਹਨ। ਗੁਰਮਤਿ ਵਿਚ ਅਜੇਹੇ ਵਰਤ ਰੱਖਣ ਦੀ ਆਗਿਆ ਨਹੀਂ ਹੈ। ਗੁਰਮਤਿ ਵਿਚ ਤਾਂ ਐਸੇ ਵਰਤ ਰੱਖਣ ਦੀ

ਆਗਿਆ ਹੈ :

ਥੋੜਾ ਸਵਣਾ ਖਾਵਣਾ ਥੋੜਾ ਬੋਲਣ ਗੁਰਮਤਿ ਪਾਏ ॥

(ਵਾਰ ੨੮, ਪਉੜੀ ੧੫)

ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ॥

(ਦਸਮ ੭੦੯)

ਅਥਵਾ : ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥

(ਪੰਨਾ ੪੬੭)

(ੳ) ***ਪੁਰਸ਼ ਵਰਤ*** : ਭੁਝੰਗੀ ਨੂੰ ਹਮੇਸ਼ਾਂ ਇਸ ਨਿਯਮ ਵਿਚ ਵਰਤਣਾ ਚਾਹੀਦਾ ਹੈ :

ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ ॥

(ਵਾਰ ੬, ਪਉੜੀ ੮)

ਅਥਵਾ : ਦੇਖ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ ॥

(ਵਾਰ ੨੯, ਪਉੜੀ ੧੧)

ਪਰ ਧਨ ਪਾਹਨ ਤੁਲ ਤ੍ਰਿਆ ਪਰ ਮਾਤ ਹਮਾਰੈ ॥ (ਸ੍ਰੀ ਦਸਮ ਗ੍ਰੰਥ)

ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ (ਪੰਨਾ ੨੭੪)

ਵਾ : ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ ॥

(ਪੰਨਾ ੪੦੩)

(ਏਥੇ ਭਾਈ ਸੰਤ ਰਾਮ ਜੀ, ਪੰਜਵੇਂ ਪਾਤਸ਼ਾਹ ਜੀ ਦੇ ਸਿਖ ਦੀ ਸਾਖੀ ਲਾਉ)

ਸਵਾ ਗਲਿਸਟ ਸਿਰ ਊਠਿਓ ਤਊ ਨਾ ਕਬੂਲੀ ਨਾਰ ॥

(ਅ) ***ਇਸਤਰੀ ਬ੍ਰਤ*** :

ਬਿਨੁ ਪਿਰ ਪੁਰਖੁ ਨ ਜਾਣਈ ਸਚੇ ਗੁਰ ਕੈ ਹੇਤਿ ਪਿਆਰਿ ॥

(ਪੰਨਾ ੫੪)

ਅਥਵਾ : ਠਾਕੁਰ ਏਕ ਸਬਾਈ ਨਾਰਿ ॥

ਅਥਵਾ : ਕਹੁ ਨਾਨਕ ਜਿਨਿ ਪ੍ਰਿਉ ਪ੍ਰਮੇਸਰੁ ਕਰਿ ਜਾਨਿਆ ॥
ਧੰਨੁ ਸਤੀ ਦਰਗਹਿ ਪ੍ਰਵਾਨਿਆ ॥ (ਪੰਨਾ ੧੮੫)

(ਮਾਈ ਸੇਵਾਂ, ਬੀਬੀ ਰਜਨੀ, ਮਾਈ ਭਾਗ ਕੌਰ ਆਦਿਕਾਂ ਦੀਆਂ ਸਾਖੀਆਂ ਸੁਣਾਉ) ਪੱਲਾ ਫੜਨ ਵੇਲੇ ਬੀਬੀ ਵਲੋਂ ਪ੍ਰਣ ਕੀਤਾ ਜਾਂਦਾ ਹੈ ਕਿ :

**ਜੇਕਰ ਗਹਹਿ ਪਿਆਰੜੇ ਤੁਧੁ ਨ ਛੋਡਾ ਮੂਲਿ ॥** *(ਪੰਨਾ ੩੨੨)*

ਹੇ ਪਤੀ! ਜੇ ਤੂੰ ਮੇਰਾ ਹੱਥ ਪਕੜਦਾ ਹੈਂ ਤਾਂ ਜ਼ਿੰਦਗੀ ਭਰ ਤੈਨੂੰ ਕਦੇ ਨਹੀਂ ਛੱਡਾਂਗੀ। ਭੁਝੰਗੀ (ਪਤੀ) ਵਲੋਂ ਪ੍ਰਣ :

**ਹਰਿ ਛੋਡਨਿ ਸੇ ਦੁਰਜਨਾ ਪੜਹਿ ਦੋਜਕ ਕੈ ਸੂਲਿ ॥** *(ਪੰਨਾ ੩੨੨)*

ਜਿਵੇਂ ਪ੍ਰਮੇਸ਼ਰ ਨੂੰ ਛੱਡਣ ਵਾਲੇ ਦੁਰਜਨ ਨਰਕਾਂ ਦੇ ਦੁੱਖ ਵਿਚ ਪੈਂਦੇ ਹਨ। ਇਉਂ ਜੇ ਤੈਨੂੰ ਬੇਗੁਨਾਹੀ ਨੂੰ ਛੱਡਾਂ ਤਾਂ ਨਰਕਾਂ ਦੇ ਦੁਖ ਵਿਚ ਪਵਾਂ।

## ੫. ਪੂਜਾ

**ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥**
**ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥**
*(ਦਸਮ ੧੪)*

ਹਿੰਦੂ ਮਤ ਵਿਚ ਬੁੱਤਾਂ ਦੀ ਪੂਜਾ ਕਰਨੀ ਨਾਰਦ ਜੀ ਤੋਂ ਚਲੀ ਹੈ।

ਯਥਾ : **ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥**
**ਨਾਰਦਿ ਕਹਿਆ ਸਿ ਪੂਜ ਕਰਾਂਹੀ ॥** *(ਪੰਨਾ ੫੫੬)*

ਮੁਸਲਮਾਨ ਵੀ ਮੱਕੇ ਵਿਚ ਪੱਥਰ ਪੂਜਾ ਕਰਦੇ ਹਨ। ਜੇ ਇਸ ਤਰ੍ਹਾਂ ਦੇਵੀ ਦੇਵਤਿਆਂ ਦੀ ਪੂਜਾ ਕਰਾਂਗੇ ਤਾਂ ਪ੍ਰਾਪਤ ਕੁਝ ਨਹੀਂ ਹੋ ਸਕਦਾ।

ਯਥਾ : **ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥**
*(ਪੰਨਾ ੬੩੭)*

ਗੁਰਸਿਖਾਂ ਨੂੰ ਤਾਂ ਇਉਂ ਆਗਿਆ ਹੈ :

**ਪੂਜਹੁ ਰਾਮੁ ਏਕੁ ਹੀ ਦੇਵਾ ॥ ਸਾਚਾ ਨਾਵਣੁ ਗੁਰ ਕੀ ਸੇਵਾ ॥**
*(ਪੰਨਾ ੪੮੪)*

ਅਥਵਾ : **ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ ॥**
*(ਪੰਨਾ ੪੮੯)*

**ਅਥਵਾ : ਸਤਿਗੁਰ ਪੂਜਉ ਸਦ ਸਦਾ ਮਨਾਵਉ ॥**
**ਐਸੀ ਸੇਵ ਦਰਗਹ ਸੁਖੁ ਪਾਵਉ ॥** *(ਪੰਨਾ ੧੧੫੯)*

**ਅਥਵਾ : ਜਾਗਤ ਜੋਤ ਜਪੈ ਨਿਸਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥**
**ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥**

ਗੁਰਮਤਿ ਵਿਚ ਪੂਜਾ ਅਕਾਲ ਦੀ, ਪਰਚਾ ਸ਼ਬਦ ਦਾ; ਦੀਦਾਰ ਖਾਲਸੇ ਦਾ। ਵਿਵਹਾਰ ਅਤੇ ਪ੍ਰਮਾਰਥ ਦੀ ਸਿੱਧੀ ਵਾਸਤੇ ਪਤੀ ਪਤਨੀ ਵਿਚ ਬੇਹੱਦ ਪਿਆਰ ਅਤੇ ਏਕਤਾ ਹੋਣੀ ਚਾਹੀਦੀ ਹੈ। ਕੇਵਲ ਦੁਨਿਆਵੀ ਵਿਹਾਰ ਲਈ ਮਿਲ ਕੇ ਬੈਠ ਜਾਣ ਨਾਲ ਏਕਤਾ ਨਹੀਂ ਮੰਨੀ ਜਾ ਸਕਦੀ।

**ਯਥਾ : ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥**

ਏਕਤਾ ਤਾਂ, ਤਾਂ ਹੀ ਮੰਨੀ ਜਾਏਗੀ :

**ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥** *(ਪੰਨਾ ੭੮੮)*

ਅਤੇ ਸਲਾਹ-ਮਸ਼ਵਰੇ ਵੀ ਐਸੇ ਕਰਨੇ ਚਾਹੀਦੇ ਹਨ :

**ਸਿਖ ਸਿਖਣੀ ਮਿਲ ਬਹਹਿੰ, ਚਰਚਾ ਕਰਹਿੰ ਅਪਾਰ ॥**
**ਭਜਨ ਸਿਖਾਵਹਿੰ ਪੁਤ੍ਰ ਕਉ ਨਿਤ ਭਜ ਬਾਰੰਬਾਰ ॥੨੯॥**
*(ਰਹਿਤਨਾਮਾ ਭਾਈ ਸਾਹਿਬ ਸਿੰਘ ਜੀ, ਪੰਨਾ ੧੬੦)*

**ਇਸਤ੍ਰੀ ਪੁਰਖੈ ਅਤਿ ਨੇਹੁ ਬਹਿ ਮੰਦੁ ਪਕਾਇਆ ॥**
**ਦਿਸਦਾ ਸਭੁ ਕਿਛੁ ਚਲਸੀ ਮੇਰੇ ਪ੍ਰਭ ਭਾਇਆ ॥**
**ਕਿਉ ਰਹੀਐ ਥਿਰੁ ਜਗਿ ਕੋ ਕਢਹੁ ਉਪਾਇਆ ॥**
**ਗੁਰ ਪੂਰੇ ਕੀ ਚਾਕਰੀ ਥਿਰੁ ਕੰਧੁ ਸਬਾਇਆ ॥**
**ਨਾਨਕ ਬਖਸਿ ਮਿਲਾਇਅਨੁ ਹਰਿ ਨਾਮਿ ਸਮਾਇਆ ॥** *(ਪੰਨਾ ੧੨੫੦)*

ਦੋਹਾਂ ਨੂੰ ਇਕ ਦੂਜੇ ਦੀ ਸਲਾਹ ਨਾਲ ਕੰਮ ਕਰਨੇ ਚਾਹੀਦੇ ਹਨ। ਬੀਬੀ ਨੇ ਪਤੀ ਦੇ ਮਾਤਾ-ਪਿਤਾ ਦਾ ਸਤਿਕਾਰ ਆਪਣੇ ਮਾਤਾ ਪਿਤਾ ਦੇ ਸਮਾਨ ਕਰਨਾ ਹੈ। ਏਸੇ ਤਰ੍ਹਾਂ ਭੁਝੰਗੀ ਨੇ ਵੀ ਬੀਬੀ ਦੇ ਮਾਤਾ ਪਿਤਾ ਦਾ ਸਤਿਕਾਰ ਆਪਣੇ ਮਾਤਾ ਪਿਤਾ ਦੇ ਸਮਾਨ ਕਰਨਾ ਹੈ ਅਤੇ ਆਪਸ ਵਿਚ ਪ੍ਰੇਮ ਇਤਫ਼ਾਕ ਰੱਖਣਾ ਹੈ। ਹਰ ਕੰਮ ਆਪਸ ਵਿਚ ਸਲਾਹ ਨਾਲ ਕਰਨਾ ਹੈ ਅਤੇ ਗੁਰੂ ਕੀ ਸਿੱਖੀ ਵਿਚ ਪ੍ਰਪੱਕ ਰਹਿਣਾ ਹੈ। ਫਿਰ ਸਤਿਗੁਰੂ ਜੀ ਸਦਾ ਚੜ੍ਹਦੀਆਂ ਕਲਾ ਕਰਨਗੇ।

# ਅੰਤਮ ਸੰਸਕਾਰ

**ਸਭਨਾ ਮਰਣਾ ਆਇਆ ਵੇਛੋੜਾ ਸਭਨਾਹ ॥** *(ਪੰਨਾ ੫੯੫)*

ਜਦੋਂ ਕੋਈ ਪ੍ਰਾਣੀ ਚੜ੍ਹਾਈ ਕਰਨ ਲੱਗੇ ਜੇ ਉਹ ਅੰਮ੍ਰਿਤਧਾਰੀ ਹੈ, ਰਹਿਤ ਮਰਯਾਦਾ ਵਿਚ ਪ੍ਰਪੱਕ ਹੈ ਫਿਰ ਤਾਂ ਬਹੁਤ ਹੀ ਚੰਗਾ ਹੈ। ਪਰ ਅੰਮ੍ਰਿਤ ਛਕ ਕੇ ਜੇ ਉਸ ਨੇ ਕੋਈ ਬੱਜਰ ਕੁਰਹਿਤ ਕੀਤੀ ਹੋਵੇ ਤਾਂ ਉਸ ਨੂੰ ਪੰਜਾਂ ਪਿਆਰਿਆਂ ਤੋਂ ਫਿਰ ਅੰਮ੍ਰਿਤ ਛਕਾਉਣਾ ਚਾਹੀਦਾ ਹੈ। ਅੰਤਮ ਸਮੇਂ ਉਸ ਦੇ ਪਾਸ ਗੁਰਬਾਣੀ ਦਾ ਪਾਠ ਕਰਦੇ ਰਹਿਣਾ ਚਾਹੀਦਾ ਹੈ। ਜੇ ਕੋਈ ਆਦਮੀ ਬਹੁਤ ਸੰਸਾਰਕ ਧੰਦਿਆਂ ਅਤੇ ਸਬੰਧੀਆਂ ਦੇ ਮੋਹ ਵਿਚ ਫਸਿਆ ਹੋਵੇ ਤਾਂ ਉਸ ਕੋਲ ਸੁਖਮਨੀ ਸਾਹਿਬ ਦੀ ਦੂਜੀ ਅਸਟਪਦੀ :

**ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥** *(ਪੰਨਾ ੨੬੪)*

ਦਾ ਪਾਠ ਬਾਰ ਬਾਰ ਕਰਨਾ ਹੈ ਅਤੇ ਜੇ ਸਿਮਰਨ ਅਭਿਆਸ ਕਮਾਈ ਵਾਲਾ ਗਿਆਨਵਾਨ ਹੋਵੇ ਤਾਂ ਇਕੀਵੀਂ ਅਸਟਪਦੀ :

**ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ ॥** *(ਪੰਨਾ ੨੯੦)*

ਦਾ ਬਾਰ ਬਾਰ ਪਾਠ ਸੁਣਾਉਣਾ ਚਾਹੀਦਾ ਹੈ। ਪ੍ਰਾਣੀ ਦੇ ਦੇਹ ਤਿਆਗਣ ਸਮੇਂ ਜਾਂ ਮਗਰੋਂ ਰੋਣਾ ਪਿੱਟਣਾ ਨਹੀਂ, ਸਿਆਪਾ ਨਹੀਂ ਕਰਨਾ। ਉਸ ਨੂੰ ਮੰਜੇ ਤੋਂ ਭੁੰਜੇ ਨਹੀਂ ਉਤਾਰਨਾ, ਮਹਾਰਾਜ ਜੀ ਦਾ ਹੁਕਮ ਹੈ :

**ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲ ਨ ਭਾਇਆ ॥**

ਜੋ ਮਰੇ ਹੋਏ ਪ੍ਰਾਣੀ ਵਾਸਤੇ ਰੋਂਦੇ ਹਨ, ਜੋ ਅੱਖਾਂ ਵਿਚੋਂ ਅੱਥਰੂ ਨਿਕਲਦੇ ਹਨ ਉਹ ਪ੍ਰਾਣੀ ਨੂੰ ਪ੍ਰਲੋਕ ਵਿਚ ਸਮੁੰਦਰ ਰੂਪ ਬਣ ਜਾਂਦੇ ਹਨ ਤੇ ਜੀਵ ਦਾ ਪ੍ਰਕਾਸ਼ ਵਾਲਾ ਦੀਵਾ ਬੁਝ ਜਾਂਦਾ ਹੈ ਤੇ ਜੀਵ-ਆਤਮਾ ਨੂੰ ਪ੍ਰਲੋਕ ਦੇ ਰਸਤੇ

ਵਿਚ ਹਨੇਰਾ ਹੋ ਜਾਂਦਾ ਹੈ। ਇਸ ਵਾਸਤੇ ਰੋਣਾ ਪਿਟਣਾ ਬਿਲਕੁਲ ਮਨ੍ਹਾ ਹੈ। ਜੀਵ ਦੇ ਭਲੇ ਵਾਸਤੇ ਬਾਣੀ ਦਾ ਨਿਤਨੇਮ ਵੱਧ ਤੋਂ ਵੱਧ ਕਰੇ, ਜਿਸ ਕਰਕੇ ਜੀਵ ਦੀ ਪ੍ਰਲੋਕ ਵਿਚ ਸਹਾਇਤਾ ਹੋਵੇ। ਗੁਰਬਾਣੀ ਦਾ ਕੀਰਤਨ ਕਰਨਾ ਚਾਹੀਦਾ ਹੈ।

"ਸਿਖ ਮ੍ਰਿਤ ਹੋਇ ਤੋ ਕੱਛ ਪਹਿਰਾ ਕਰ
ਇਸ਼ਨਾਨ ਕਰਾ ਕਰ, ਦਸਤਾਰ ਸਜਾ ਕਰ,
ਉਸ ਸਮੇਂ ਜਪੁਜੀ ਪੜਤਾ ਰਹੈ।"

*(ਰਹਿਤਨਾਮਾ ਭਾਈ ਦਇਆ ਸਿੰਘ ਜੀ, ਪੰਨਾ ੭੬)*

ਇਸ਼ਨਾਨ ਕਰਾਉਂਦਿਆਂ ਹੋਇਆਂ ਜਪੁਜੀ ਸਾਹਿਬ ਦਾ ਪਾਠ ਜ਼ਰੂਰ ਕਰਦੇ ਰਹਿਣਾ ਅਤੇ ਮ੍ਰਿਤਕ ਦਾ ਕਛਹਿਰਾ ਬਦਲਦੇ ਸਮੇਂ ਇਕ ਪਹੁੰਚਾ ਉਤਾਰ ਕੇ ਦੂਸਰੇ ਕਛਹਿਰੇ ਦਾ ਸੁੱਕਾ ਪਹੁੰਚਾ ਪਾਇਆ ਜਾਵੇ ਤੇ ਪੰਜੇ ਕਕਾਰ : ਗਾਤਰੇ ਕ੍ਰਿਪਾਨ, ਤੇੜ ਕਛਹਿਰਾ, ਗਲ ਵਿਚ ਕੁੜਤਾ (ਚੋਲਾ), ਕੇਸੀਂ ਕੰਘਾ, ਸਿਰ ਉਤੇ ਦਸਤਾਰ, ਹੱਥ ਵਿਚ ਕੜਾ, ਗਲ ਵਿਚ ਪਰਨਾ ਤੇ ਕਮਰਕੱਸਾ ਕਰਕੇ ਦੂਸਰਾ ਸੁੱਕਾ ਕਛਹਿਰਾ ਪਰਨਾ ਲੈ ਕੇ ਲੱਕ ਨਾਲ ਬੰਨ੍ਹਣਾ ਹੈ। ਬਸਤਰ ਨਵੇਂ ਅਤੇ ਚੰਗੀ ਤਰ੍ਹਾਂ ਸੀਤੇ ਹੋਣੇ ਚਾਹੀਦੇ ਹਨ, ਅੱਧ ਸੀਤੇ ਨਾ ਹੋਣ। ਅਰਦਾਸ ਕਰਕੇ ਮ੍ਰਿਤਕ ਦੀ ਅਰਥੀ ਲਿਜਾਣੀ ਚਾਹੀਦੀ ਹੈ।[੧] ਰਾਗੀ ਸਿੰਘ ਮੂਹਰੇ ਕੀਰਤਨ ਕਰਦੇ ਜਾਣ। ਜੇ ਰਾਗੀ ਸਿੰਘ ਨਾ ਮਿਲਣ ਤਾਂ ਸਤਿਨਾਮ-ਵਾਹਿਗੁਰੂ ਦਾ ਉੱਚੀ ਉੱਚੀ ਜਾਪ ਕਰਦੇ ਜਾਣਾ ਚਾਹੀਦਾ ਹੈ। ਰਾਹ ਵਿਚ ਅਰਥੀ ਰੱਖਣੀ, ਘੜੀ ਭੰਨਣੀ, ਰੋਣਾ ਪਿੱਟਣਾ, ਪਾਣੀ ਡੋਲ੍ਹਣਾ, ਮੱਥਾ ਟੇਕਣਾ, ਕੋਈ ਭਾਂਡਾ ਰੋੜ੍ਹਨਾ ਆਦਿ ਮਨ੍ਹਾ ਹੈ। ਜੇ ਰਸਤੇ ਵਿਚ ਗੁਰਦੁਆਰਾ ਹੋਵੇ ਤਾਂ ਗੁਰਦੁਆਰੇ ਤੋਂ ਬਾਹਰ ਅਰਥੀ ਰੱਖ ਕੇ ਮ੍ਰਿਤਕ ਦੀ ਅੰਤਮ ਨਮਸਕਾਰ ਕਰਵਾ ਲੈਣੀ ਚਾਹੀਦੀ ਹੈ। ਚਿਖਾ ਲੱਕੜੀ ਦੀ ਬਣਾਈ ਜਾਵੇ ਜਿਸ ਵਿਚ ਗੋਹੇ ਦੀ ਵਰਤੋਂ ਨਾ ਕੀਤੀ ਜਾਵੇ। ਹੋ ਸਕੇ ਤਾਂ ਚੰਦਨ ਦੀ ਲੱਕੜੀ ਤੇ ਦੇਸੀ ਘਿਉ ਵਿਚ ਪਾਇਆ ਜਾਵੇ।

ਮ੍ਰਿਤਕ ਦਾ ਸਰੀਰ ਚਿਖਾ 'ਤੇ ਰੱਖ ਕੇ ਇਕ ਸਿੰਘ ਜਪੁਜੀ ਸਾਹਿਬ ਦਾ ਪਾਠ ਸਿਰ੍ਹਾਣੇ ਵੱਲ ਖਲੋ ਕੇ ਕਰੇ ਤੇ ਬਾਕੀ ਚਿਖ਼ਾ ਸਵਾਰਨ (ਤਿਆਰ ਕਰਨ)

---

੧. ਗੁਰਬਾਣੀ ਦਾ ਅਦਬ ਸਤਿਕਾਰ ਰੱਖਣ ਵਾਸਤੇ ਪ੍ਰਾਣੀ ਦਾ ਸੀਸ ਰਾਗੀਆਂ ਵੱਲ ਮੋਹਰਲੇ ਪਾਸੇ ਅਤੇ ਪੈਰ ਪਿਛਲੇ ਪਾਸੇ ਨਗਰ ਵੱਲ ਹੋਣੇ ਚਾਹੀਦੇ ਹਨ, ਮੂਹਰਲੇ ਪਾਸੇ ਸ਼ਬਦ ਪੜ੍ਹਨ ਵਾਲਿਆਂ ਵਲ ਨਹੀਂ ਹੋਣੇ ਚਾਹੀਦੇ।

ਤੇ ਪਾਠ ਸੁਣਨ। ਜਦੋਂ ਸਾਰੀ ਚਿਖ਼ਾ ਬਣ ਜਾਵੇ ਜਪੁਜੀ ਸਾਹਿਬ ਦਾ ਪਾਠ ਕਰਕੇ ਅਰਦਾਸ ਕਰਨੀ ਤੇ ਕਹਿਣਾ :

"ਹੇ ਸੱਚੇ ਪਾਤਸ਼ਾਹ ਜੀ, ਇਸ ਨੂੰ ਕ੍ਰਿਪਾ ਕਰਕੇ ਬਖ਼ਸ਼ ਲੈਣਾ, ਜ਼ਿੰਦਗੀ ਵਿਚ ਹੋਈਆਂ ਗ਼ਲਤੀਆਂ ਮੁਆਫ਼ ਕਰਨੀਆਂ। ਕ੍ਰਿਪਾ ਕਰਕੇ ਇਸ ਦੀ ਰੂਹ ਦਾ ਆਪਣੇ ਚਰਨਾਂ ਵਿਚ ਨਿਵਾਸ ਕਰਨਾ, ਪ੍ਰਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣਾ, ਅਗਨੀ ਲਾਉਣ ਦੀ ਆਗਿਆ ਬਖ਼ਸ਼ੋ, ਫਿਰ ਅਗਨੀ ਲਾਉਣੀ ਚਾਹੀਦੀ ਹੈ। ਧਾਹ (ਕੂਕ) ਨਹੀਂ ਮਾਰਨੀ, ਤੀਲੇ ਨਹੀਂ ਤੋੜ ਕੇ ਸੁੱਟਣੇ। ਜਿਸ ਵਕਤ ਕੀਰਤਨ ਕਰਦਿਆਂ ਜਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਿਆਂ ਅੱਧਾ ਕੁ ਸਸਕਾਰ ਹੋ ਜਾਵੇ ਤਾਂ ਉਦੋਂ ਕੀਰਤਨ ਸੋਹਿਲਾ ਪੜ੍ਹ ਕੇ ਅਰਦਾਸ ਕਰਨੀ ਹੈ, ਕਪਾਲ ਕ੍ਰਿਆ ਨਹੀਂ ਕਰਨੀ। ਸ਼ਮਸ਼ਾਨ-ਭੂਮੀ ਵਿਚੋਂ ਸਿੱਧਾ ਗੁਰਦੁਆਰੇ ਸਾਹਿਬ ਪਹੁੰਚ ਕੇ ਇਸ਼ਨਾਨ ਕਰਨਾ ਚਾਹੀਦਾ ਹੈ। ਜੇ ਨਾ ਹੋ ਸਕੇ ਤਾਂ ਪੰਜ ਇਸ਼ਨਾਨਾ ਕਰਨਾ ਜ਼ਰੂਰੀ ਹੈ।

ਕੜਾਹ ਪ੍ਰਸ਼ਾਦਿ ਦੀ ਦੇਗ ਤਿਆਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਲਿਆਂਦੀ ਜਾਵੇ, ਉਪ੍ਰੰਤ ਅਲਾਹਣੀਆਂ ਦਾ ਪਾਠ ਕਰਕੇ ਅਰਦਾਸ ਕਰਕੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ। ਮ੍ਰਿਤਕ ਪ੍ਰਾਣੀ ਦੇ ਨਮਿੱਤ ਪਾਠ ਕਰਾਉਣਾ ਜ਼ਰੂਰੀ ਹੈ।[੧] ਜੇ ਅਖੰਡਪਾਠ ਦੀ ਸਮਰੱਥਾ ਹੋਵੇ ਤਾਂ ਅੱਠਵੇਂ ਦਿਨ ਪਾਠ ਪ੍ਰਾਰੰਭ ਕਰਕੇ ਅਖੰਡਪਾਠ ਦਾ ਭੋਗ ਦਸਵੇਂ ਦਿਨ ਪਾਇਆ ਜਾਵੇ, ਉਪ੍ਰੰਤ ਰਾਮਕਲੀ ਸਦ ਪੜ੍ਹ ਕੇ ਅਰਦਾਸ ਕੀਤੀ ਜਾਵੇ ਅਤੇ ਦੇਗ਼ ਵਰਤਾਈ ਜਾਵੇ।[੨]

ਬਾਰ੍ਹੀਆ, ਤੇਰ੍ਹੀਆ, ਸਤਾਰ੍ਹੀਆ ਆਦਿ ਨਹੀਂ ਕਰਨਾ। ਖਾਲਸਾ ਸ਼੍ਰੋਮਣੀ ਹੈ। ਇਸ ਲਈ ਦੁਸਹਿਰਾ ਹੀ ਕਰਨਾ ਗੁਰੂ ਦੀ ਆਗਿਆ ਹੈ। ਮਾਈਆਂ ਨੇ ਰੋਣਾ ਪਿੱਟਣਾ ਤੇ ਸਿਆਪਾ ਆਦਿ ਨਹੀਂ ਕਰਨਾ। ਭਾਣਾ ਮੰਨਣਾ ਹੈ। ਸਾਰੇ ਪ੍ਰਵਾਰ ਨੇ ਬੈਠ ਕੇ ਪਾਠ ਸਰਵਣ ਕਰਨਾ ਹੈ। ਗ੍ਰੰਥੀ ਸਿੰਘ ਦੀ ਸੇਵਾ ਚੰਗੀ ਤਰ੍ਹਾਂ ਕਰਨੀ ਹੈ। ਭੋਗ ਸਮੇਂ ਸੋਹਣੇ ਬਸਤਰ ਤੇ ਮਾਇਆ ਭੇਟ ਕਰਨੀ ਹੈ। ਪ੍ਰਾਣੀ ਦੇ ਚੜ੍ਹਾਈ ਕਰਨ ਦੇ ਦੂਸਰੇ ਦਿਨ ਤੋਂ ਹਰ ਰੋਜ਼ ਸਵੇਰ ਦੇ ਵਕਤ ਜੈਤਸਰੀ ਦੀ

---

੧. ਸਹਿਜਪਾਠ ਪ੍ਰਾਣੀ ਦੇ ਸਸਕਾਰ ਵਾਲੇ ਦਿਨ ਹੀ ਅਰੰਭ ਹੋਣਾ ਚਾਹੀਦਾ ਹੈ।
੨. ਕਿਸੇ ਵੀ ਮੌਕੇ 'ਤੇ ਦੇਗ ਬਣਾਉਣ ਉਪ੍ਰੰਤ ਦੇਗ਼ ਦੇ ਪਾਸ ਬੈਠ ਕੇ ਅਨੰਦੁ ਸਾਹਿਬ ਦਾ ਸੰਪੂਰਨ ਪਾਠ ਕਰਨਾ ਜ਼ਰੂਰੀ ਹੈ।

ਵਾਰ ਦੇ ਦੋ ਸਲੋਕਾਂ ਦੀ ਕਥਾ ਅਤੇ ਸਹਸਕ੍ਰਿਤੀ ਦੇ ਛੇ ਸਲੋਕਾਂ ਦੀ ਕਥਾ ਕਰੇ। ਜੇ ਕਥਾ ਕਰਨ ਵਾਲਾ ਨਾ ਹੋਵੇ ਤਾਂ ਪ੍ਰਾਣੀ ਦੀ ਚੜ੍ਹਾਈ ਕਰਨ ਵਾਲੀ ਜਗ੍ਹਾ ਤੇ ਇਕੋ ਦਿਨ ਹੀ ਸਵੇਰ ਦੇ ਵਕਤ ਸਾਰੀ ਜੈਤਸਰੀ ਦੀ ਵਾਰ ਤੇ ਸਹਸਕ੍ਰਿਤੀ ਪੜ੍ਹ ਦੇਵੇ। ਜੇ ਪ੍ਰਾਣੀ ਨੇ ਕਿਸੇ ਹੋਰ ਥਾਂ ਤੇ ਚੜ੍ਹਾਈ ਕੀਤੀ ਹੋਵੇ ਤਾਂ ਰਾਖ਼ ਚੁੱਕਣ ਉਪ੍ਰੰਤ ਜੈਤਸਰੀ ਤੇ ਵਡਹੰਸ ਦੀ ਵਾਰ ਤੇ ਸਾਰੀ ਸਹਿਸਕ੍ਰਿਤੀ ਦਾ ਪਾਠ ਕਰ ਦੇਵੇ। ਕਲਗੀਧਰ ਪਿਤਾ ਜੀ ਨੇ ਖ਼ਾਲਸੇ ਵਾਸਤੇ ਸਦਾ ਲਈ ਇਹ ਪੱਕੀ ਮਰਯਾਦਾ ਕਾਇਮ ਕਰ ਦਿੱਤੀ ਹੈ। ਮ੍ਰਿਤਕ ਦੀ ਚਿਖ਼ਾ ਨਹੀਂ ਫੋਲਣੀ, ਕੱਚੇ ਧਾਗੇ ਨਹੀਂ ਬੰਨ੍ਹਣੇ, ਕਿੱਲੀਆਂ ਗੱਡ ਕੇ ਚੌਥਾ ਆਦਿ ਨਹੀਂ ਕਰਨਾ, ਫੁੱਲ ਨਹੀਂ ਚੁੱਗਣੇ, ਕ੍ਰਿਪਾਨ ਤੇ ਕੜਾ ਵਿਚੇ ਹੀ ਰਾਖ ਦੇ ਰਹਿਣ ਦੇਣੇ। ਇਸ ਤਰ੍ਹਾਂ, ਸਮੇਤ ਅਸਤੀਆਂ ਸਾਰੀ ਰਾਖ ਇਕੱਠੀ ਕਰਕੇ ਕੀਰਤਪੁਰ ਸਾਹਿਬ ਜਾਂ ਗੋਇੰਦਵਾਲ ਸਾਹਿਬ ਦਰਿਆ ਪ੍ਰਵਾਹ ਕਰਨੀ। ਜੇਕਰ ਇਸ ਤਰ੍ਹਾਂ ਨਾ ਹੋ ਸਕੇ ਤਾਂ ਲਾਗੇ ਕਿਸੇ ਨਹਿਰ ਜਾਂ ਦਰਿਆ ਵਿਚ ਪ੍ਰਵਾਹ ਕਰ ਦੇਣੀਆਂ ਚਾਹੀਦੀਆਂ ਹਨ। ਗੰਗਾ ਜਾ ਕੇ ਫੁੱਲ ਨਹੀਂ ਤਾਰਨੇ, ਮੜ੍ਹੀ ਨਹੀਂ ਬਣਾਉਣੀ।

# ਗੁਰਬਾਣੀ ਦਾ ਅਦਬ ਅਤੇ ਰਾਗਮਾਲਾ

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
**ਗੁਰਬਾਣੀ ਕਹੈ ਸੇਵਕੁ ਜਨੁ ਮਾਨੈ ਪ੍ਰਤਖਿ ਗੁਰੂ ਨਿਸਤਾਰੇ ॥** *(ਪੰਨਾ ੯੮੨)*

**ਜਿਨ ਭੈ ਅਦਬ ਨ ਬਾਨੀ ਧਾਰਾ ॥**
**ਜਾਨਹੁ ਸੋ ਸਿਖ ਨਹੀ ਹਮਾਰਾ ॥੨੦॥** *(ਗੁਰ ਪ੍ਰਤਾਪ ਸੂਰਜ ਗ੍ਰੰਥ)*

ਸ੍ਰੀ ਅਨੰਦਪੁਰ ਸਾਹਿਬ ਦਸਮ ਪਾਤਸ਼ਾਹ ਜੀ ਨੇ ਇਕ ਲਗ (ਮਾਤਰ) ਦੇ ਗਲਤ ਉਚਾਰਨ ਤੋਂ ਸਿੰਘ ਨੂੰ ਤਾੜਨਾ ਕਰਵਾਈ ਤੇ ਕਿਹਾ, 'ਸਿੰਘਾ ਤੂੰ ਸਾਡੇ ਅੰਗ ਤੋੜ ਰਿਹਾ ਹੈਂ' ਤਾਂ ਹੀ ਗੁਰੂ ਮਹਾਰਾਜ ਜੀ ਨੇ ਸਾਰੀ ਬਾਣੀ ਦੇ ਅਰਥ ਪੜ੍ਹਾਏ।

**ਸਿੱਖਹੁ ਸੁਨਹੁ ਸੀਖ ਇਹੁ ਮੇਰੀ। ਬਾਨੀ ਪੜਹੁ ਸ਼ੁੱਧ ਗੁਰ ਕੇਰੀ।**
**ਪਵੈ ਮਹਾਤਮ ਲਹੈ ਬਿਸਾਲ। ਹਲਤਿ ਪਲਤਿ ਮਹਿ ਹੋਇ ਨਿਹਾਲ।੨੮।**
*(ਗੁਰ ਪ੍ਰਤਾਪ ਸੂਰਜ ਗ੍ਰੰਥ)*

ਦਸਾਂ ਹੀ ਸਰੂਪਾਂ ਵਿਚ ਸਤਿਗੁਰਾਂ ਨੇ ਗੁਰਬਾਣੀ ਦਾ ਬਹੁਤ ਅਦਬ ਸਤਿਕਾਰ ਰੱਖਿਆ। ਜਿਵੇਂ ਸਤਿਗੁਰਾਂ ਨੇ ਗੁਰਬਾਣੀ ਦਾ ਸਤਿਕਾਰ ਕੀਤਾ, ਤਿਵੇਂ ਸਾਨੂੰ ਵੀ ਕਰਨਾ ਚਾਹੀਦਾ ਹੈ। ਗੁਰਬਾਣੀ ਦੇ ਸਤਿਕਾਰ ਤੇ ਅਦਬ ਲਈ ਕੁਝ ਹੇਠਾਂ ਲਿਖੇ ਨਿਯਮ ਜ਼ਰੂਰੀ ਹਨ:

ਇਸ਼ਨਾਨ ਕਰੇ ਤੋਂ ਬਿਨਾਂ, ਜੋੜੇ ਵਾਲੇ ਪੈਰ ਧੋਤਿਆਂ ਤੋਂ ਬਿਨਾਂ ਅਤੇ ਜੁਰਾਬਾਂ ਤੇ ਦਸਤਾਨੇ ਪਹਿਨ ਕੇ ਕਦੀ ਵੀ ਸਤਿਗੁਰੂ ਜੀ ਦੀ ਤਾਬਿਆ ਨਹੀਂ ਬੈਠਣਾ ਚਾਹੀਦਾ। ਸਰੀਰ ਦੀ ਅਪਵਿੱਤਰਤਾ ਭਾਵ ਸੁਪਨਦੋਸ਼ ਅਤੇ ਗ੍ਰਿਹਸਤ ਕਰਨ ਤੋਂ ਉਪ੍ਰੰਤ ਸਣੇ ਕੇਸੀ ਇਸ਼ਨਾਨ ਕਰਕੇ ਸਾਰੇ ਬਸਤਰ ਧੋ ਕੇ ਜਪੁਜੀ ਸਾਹਿਬ ਦਾ ਪਾਠ ਕਰਕੇ ਤੇ ਅਰਦਾਸ ਕਰਕੇ ਸਤਿਗੁਰੂ ਜੀ ਦੀ ਤਾਬਿਆ ਜਾਣਾ ਚਾਹੀਦਾ

ਹੈ। (ਨੋਟ : ਕਈ ਅਨਜਾਣ-ਪੁਣੇ ਵਿਚ ਕੁਸੰਗਤ ਦੇ ਪ੍ਰਭਾਵ ਕਰਕੇ ਹਥ-ਰਸੀ ਕਰ ਲੈਂਦੇ ਹਨ। ਇਕ ਤਾਂ ਨਾ ਹਟਨ ਵਾਲੀ ਧਾਂਤ ਦੀ ਬੀਮਾਰੀ ਲੱਗਦੀ ਹੈ। ਦੂਸਰਾ ਹਥ-ਰਸੀ ਕਰਨ ਵਾਲਾ ਤਨਖਾਹੀਆ ਹੁੰਦਾ ਹੈ। ਇਸ ਲਈ ਕਦੇ ਵੀ ਹਥ-ਰਸੀ ਨਹੀਂ ਕਰਨੀ।) ਮੂੰਹ, ਪੈਰ, ਕਛਹਿਰੇ ਆਦਿ ਨੂੰ ਹੱਥ ਲਾ ਕੇ ਅਤੇ ਗਿੱਲੇ, ਮੈਲੇ, ਥੰਧੇ ਹੱਥ ਮਹਾਰਾਜ ਜੀ ਦੇ ਸਰੂਪ, ਪੋਥੀ, ਗੁਟਕੇ ਆਦਿ ਨੂੰ ਨਹੀਂ ਲਾਉਣੇ। ਤਾਬਿਆ ਬੈਠੇ ਮਿਸ਼ਰੀ, ਇਲਾਇਚੀ ਆਦਿ ਨਹੀਂ ਖਾਣੀ, ਭਾਵ ਕੋਈ ਵੀ ਚੀਜ਼ ਮੂੰਹ ਵਿਚ ਨਹੀਂ ਪਾਉਣੀ। ਤਾਬਿਆ ਵਿਚ ਬੈਠਾ ਸਿੰਘ ਆਪਣੇ ਥੱਲੇ ਗੱਦੀ ਨਾ ਵਿਛਾਵੇ। ਮਹਾਰਾਜ ਜੀ ਦੀ ਮੰਜੀ ਸਾਹਿਬ ਥੱਲੇ ਪੈਰ ਨਾ ਕਰੇ। ਪਿਛਾਂਹ ਹਟ ਕੇ ਚੌਕੜੀ ਮਾਰ ਕੇ ਸਿੱਧਾ ਬੈਠੇ। ਮੰਜੀ ਸਾਹਿਬ ਤੇ ਕੂਹਣੀ ਆਦਿ ਨਾ ਰੱਖੇ। ਪਿਛਾਂਹ ਹਟ ਕੇ ਸਦਾ ਆਪਣੇ ਭਾਰ ਬੈਠਣਾ ਹੈ। ਦਸਾਂ ਹੀ ਸਤਿਗੁਰਾਂ ਦੀ ਆਤਮਿਕ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੱਖ ਬਿਰਾਜ ਰਹੇ ਹਨ, ਇਉਂ ਭਾਵਨਾ ਕਰਕੇ ਗੁਰਬਾਣੀ ਦੀ ਆਗਿਆ ਮੰਨਣੀ ਹੈ। "੧ਓ ਤੋਂ ਲੈ ਕੇ ਅਠਾਰਹ ਦਸ ਬੀਸ" ਤਕ ਗੁਰਬਾਣੀ ਉਪਰ ਗੁਰੂ ਭਾਵਨਾ ਕਰਨੀ ਹੈ।[੧] ਸ੍ਰੀ ਗੁਰੂ ਗ੍ਰੰਥ

---

੧. ਰਾਗਮਾਲਾ ਗੁਰੂ-ਕ੍ਰਿਤ ਹੈ ਸਭ ਤੋਂ ਪਹਿਲਾਂ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਭਾਈ ਗੁਰਦਾਸ ਜੀ ਤੋਂ ਸਰੂਪ ਲਿਖਵਾਇਆ ਹੈ, ਉਸ ਵਿਚ ਵੀ ਰਾਗਮਾਲਾ ਹੈ, ਜਿਸ ਦੀ ਇੱਕੋ ਸਿਆਹੀ, ਇੱਕੋ ਕਾਗਜ਼ ਤੇ ਇਕੋ ਲਿਖਣ ਸ਼ੈਲੀ ਹੈ, ਉਹੋ ਸਰੂਪ ਹੁਣ ਸ੍ਰੀ ਕਰਤਾਰਪੁਰ ਦੁਆਬੇ ਵਾਲੇ ਵਿਖੇ ਸੁਭਾਇਮਾਨ ਹਨ। ਜਿਸ ਕਿਸੇ ਨੂੰ ਸ਼ੱਕ ਹੈ ਤਾਂ ਉਹ ਉਸ ਸਰੂਪ ਦੇ ਦਰਸ਼ਨ ਕਰ ਸਕਦਾ ਹੈ। ਭਾਈ ਬੰਨੋ ਜੀ ਨੇ ਉਸੇ ਸਰੂਪ ਤੋਂ ਉਤਾਰਾ ਕੀਤਾ ਸੀ। ਉਹ ਵੀ ਰਾਗਮਾਲਾ ਸਮੇਤ ਹੈ। ਸ੍ਰੀ ਗੁਰੂ ਕਲਗੀਧਰ ਮਹਾਰਾਜ ਜੀ ਨੇ ਤਖ਼ਤ ਦਮਦਮਾ ਸਾਹਿਬ ਵਿਖੇ ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਲਾ ਕੇ ਆਪਣੀ ਰਸਨਾ ਤੋਂ ਸਾਰੀ ਬੀੜ ਲਿਖਾਈ, ਉਸ ਵਿਚ ਵੀ ਤੇ ਉਸ ਤੋਂ ਅੱਗੇ ਸ਼ਹੀਦ ਬਾਬਾ ਦੀਪ ਸਿੰਘ ਜੀ ਨੇ ਦੋ ਚਾਰ ਉਤਾਰੇ ਕਰਵਾਏ, ਉਨ੍ਹਾਂ ਵਿਚ ਵੀ ਰਾਗਮਾਲਾ ਹੈ। ਜਿਹੜੇ ਲੋਕ ਕਹਿੰਦੇ ਹਨ ਕਿ ਜੋਧ ਕਵੀ ਨੇ 'ਮਾਧਵਾਨਲ ਕਾਮਕੰਦਲਾ' ਕਿੱਸੇ ਵਿਚੋਂ ਇਹ ਰਾਗਮਾਲਾ ਲਿਖੀ ਹੈ ਜਾਂ ਆਲਮ ਕਵੀ ਦੀ ਰਚਨਾ ਹੈ, ਉਹਨਾਂ ਨੂੰ ਅਸਲ ਵਿਚ ਪਤਾ ਹੀ ਨਹੀਂ ਹੈ। ਕਿਉਂਕਿ ਜੋਧ ਕਵੀ ਨੇ 'ਮਾਧਵਾਨਲ ਕਾਮਕੰਦਲਾ' ਕਿੱਸਾ ਸੰਸਕ੍ਰਿਤ ਵਿਚ 991 ਹਿਜਰੀ ਵਿਚ ਲਿਖਿਆ ਸੀ, ਜਿਸ ਦਾ 1640 ਬਿਕ੍ਰਮੀ ਬਣਦਾ ਹੈ, ਉਸ ਵਿਚ ਰਾਗਮਾਲਾ ਹੈ ਹੀ ਨਹੀਂ। ਆਲਮ ਕਵੀ ਸਤਿਗੁਰੂ ਕਲਗੀਧਰ ਜੀ ਦੇ 52 ਕਵੀਆਂ ਵਿਚੋਂ ਹੋਏ ਹਨ। ਜੋ 1712 ਬਿਕ੍ਰਮੀ ਤੋਂ ਲੈ ਕੇ 1774 ਬਿਕ੍ਰਮੀ ਤੱਕ ਸੰਸਾਰ ਵਿਚ ਰਹੇ। ਉਹਨਾਂ ਨੇ ਜੋ ਰਾਗਮਾਲਾ ਲਿਖੀ ਹੈ, ਸਤਿਗੁਰੂ ਕਲਗੀਧਰ ਜੀ ਦੇ ਦਰਬਾਰ ਵਿਚੋਂ ਸੁਣ ਕੇ ਹੀ ਲਿਖੀ ਹੈ। ਸੋ ਆਲਮ ਕਵੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਤੋਂ 113 ਸਾਲ ਬਾਅਦ ਲਿਖੀ ਰਾਗਮਾਲਾ 113 ਸਾਲ ਪਹਿਲਾਂ ਲਿਖੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਵੇਂ ਲਿਖੀ ਗਈ ? ਇਸ ਤੋਂ ਵੀ ਸਿੱਧ ਹੁੰਦਾ ਹੈ ਕਿ ਰਾਗਮਾਲਾ ਗੁਰੂ-ਕ੍ਰਿਤ ਹੈ। ☛

ਸਾਹਿਬ ਜੀ ਵੱਲ ਕਦੇ ਪੈਰ ਨਹੀਂ ਕਰਨੇ। ਮਹਾਰਾਜ ਸਾਹਿਬ ਅਲਮਾਰੀ ਵਿਚ ਨਹੀਂ ਸਗੋਂ ਸਾਫ਼ ਸੁਥਰੇ ਹਵਾਦਾਰ ਕਮਰੇ ਵਿਚ ਪਲੰਘ ਤੇ ਬਿਰਾਜਮਾਨ ਕਰਨੇ ਚਾਹੀਦੇ ਹਨ। ਜਿਸ ਪਲੰਘ 'ਤੇ ਮਹਾਰਾਜ ਜੀ ਬਿਰਾਜਮਾਨ ਹੋਵਣ ਉਸ ਦੀ ਵਿਛਾਈ ਮੌਸਮ ਅਨੁਸਾਰ ਹੋਣੀ ਜ਼ਰੂਰੀ ਹੈ। ਗਰਮੀਆਂ ਵਿਚ ਠੰਢੇ ਬਸਤਰ ਹੋਣ ਅਤੇ ਸਰਦੀਆਂ ਵਿਚ ਗਰਮ ਬਸਤਰ ਕੰਬਲ, ਰਜਾਈ ਆਦਿ ਹੋਣੇ ਜ਼ਰੂਰੀ ਹੈ। ਜੇ ਪਾਲਕੀ ਵਿਚ ਮਹਾਰਾਜ ਜੀ ਦਾ ਪ੍ਰਕਾਸ਼ ਹੋਵੇ ਇਕ ਛੋਟਾ ਜਿਹਾ ਚੰਦੋਆ ਉਸ ਦੇ ਵਿਚ ਅਤੇ ਉਪਰ ਇਕ ਵੱਡਾ ਚੰਦੋਆ ਹੋਣਾ ਜ਼ਰੂਰੀ ਹੈ। ਕਿਉਂਕਿ ਸਤਿਗੁਰੂ ਜੀ ਚਵਰ ਛਤਰ ਤਖ਼ਤ ਦੇ ਮਾਲਕ ਹਨ। ਮੰਜੀ ਸਾਹਿਬ ਜਾਂ ਪਾਲਕੀ ਸਾਹਿਬ ਹੇਠਲੀ ਵਿਛਾਈ ਗ੍ਰੰਥੀ ਸਿੰਘ ਦੀ ਵਿਛਾਈ ਨਾਲੋਂ ਚੰਗੀ ਅਤੇ ਵੱਖਰੀ ਹੋਣੀ ਚਾਹੀਦੀ ਹੈ। ਮੰਜੀ ਸਾਹਿਬ ਚੰਗੀ ਤਰ੍ਹਾਂ ਸੋਹਣੀ ਬਣੀ ਹੋਣੀ ਚਾਹੀਦੀ ਹੈ। ਗਰਮੀਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕੀਤੇ ਉਪਰ ਪਤਲੇ, ਦੋ ਰੁਮਾਲੇ ਦੇਣੇ ਚਾਹੀਦੇ ਹਨ। ਸਰਦੀਆਂ ਵਿਚ ਗਰਮ ਰੁਮਾਲੇ ਜਾਂ ਕੰਬਲ ਦੇਣੇ ਚਾਹੀਦੇ ਹਨ।

ਜਦੋਂ ਵੀ ਸਤਿਗੁਰੂ ਜੀ ਦੀ ਸਵਾਰੀ ਆਵੇ ਤਾਂ ਗੁਰੂ ਕੀ ਸੰਗਤ ਧੁਰ ਕੀ ਬਾਣੀ ਦਾ ਕੀਰਤਨ ਕਰਦੀ ਆਵੇ ਤਾਂ ਪੈਰੋਂ ਜੋੜਾ ਪਿਛਲੇ ਪਾਸੇ ਉਤਾਰ ਕੇ ਦੋਵੇਂ ਹੱਥ ਜੋੜ ਕੇ ਉਠ ਕੇ ਸਤਿਕਾਰ ਕਰਨਾ ਹੈ ਤੇ ਮੱਥਾ ਟੇਕਣਾ ਹੈ। ਜਿਤਨੀ ਦੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੇ ਦਰਸ਼ਨ ਹੁੰਦੇ ਰਹਿਣ ਉਤਨਾ ਚਿਰ ਹੱਥ ਜੋੜ ਕੇ ਖੜੇ ਰਹਿਣਾ ਚਾਹੀਦਾ ਹੈ। ਸਤਿਗੁਰੂ ਜੀ ਦੀ ਸਵਾਰੀ ਨਾਲ ਪੰਜ ਸਿੰਘ ਨੰਗੇ ਚਰਨੀਂ ਜ਼ਰੂਰ ਹੋਵਣ। ਇਕ ਸਿੰਘ ਚਵਰ ਕਰੇ ਅਤੇ ਇਕ ਸਿੰਘ ਅੱਗੇ ਅੱਗੇ ਜਲ ਛਿੜਕਦਾ ਜਾਵੇ ਅਤੇ ਸੰਗਤ ਨੂੰ ਸਾਵਧਾਨ ਕਰਨ ਵਾਸਤੇ ਘੜਿਆਲ ਆਦਿ ਵੀ ਵਜਾਉਣੇ ਚਾਹੀਦੇ ਹਨ।

ਪੋਥੀ ਜਾਂ ਗੁਟਕੇ ਤੋਂ ਪਾਠ ਕਰਦਿਆਂ ਧਰਤੀ 'ਤੇ ਕੱਪੜਾ ਵਿਛਾ ਕੇ ਉਪਰ

---

☛ ਡਾ. ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ 2128 ਅੰਗ ਤੋਂ ਲੈ ਕੇ 2133 ਅੰਗ ਤਕ ਵਿਸਥਾਰ ਨਾਲ ਖੋਲ੍ਹ ਕੇ ਲਿਖਿਆ ਹੈ ਕਿ ਰਾਗਮਾਲਾ ਗੁਰੂ-ਕ੍ਰਿਤ ਹੈ। ਗਿਆਨੀ ਸਾਹਿਬ ਸਿੰਘ ਧਮਧਾਨ ਸਾਹਿਬ ਵਾਲਿਆਂ ਨੇ ਇੰਨਾ ਵਿਸਥਾਰ ਨਾਲ ਰਾਗਮਾਲਾ ਦੇ ਸੰਬੰਧ ਵਿਚ ਖੋਲ੍ਹ ਕੇ ਲਿਖਿਆ ਹੈ ਕਿ ਸ਼ੰਕਾ ਦੀ ਗੁੰਜਾਇਸ਼ ਹੀ ਨਹੀਂ ਰਹਿਣ ਦਿੱਤੀ ਕਿ ਰਾਗਮਾਲਾ ਗੁਰੂ-ਕ੍ਰਿਤ ਨਹੀਂ। ਇਸ ਲਈ ਹਰ ਇਕ ਗੁਰਸਿਖ ਮਾਈ-ਭਾਈ ਨੂੰ ਬਿਨਾਂ ਸ਼ੰਕਾ ਰਾਗਮਾਲਾ ਨੂੰ ਗੁਰਬਾਣੀ ਮੰਨਣਾ ਚਾਹੀਦਾ ਹੈ।

ਬੈਠਣਾ ਚਾਹੀਦਾ ਹੈ। ਜੇ ਮੰਜਾ ਜਾਂ ਉੱਚਾ ਆਸਣ ਹੋਵੇ ਤਾਂ ਉਪਰ ਬੈਠ ਕੇ ਪਾਠ ਕਰੋ। ਦੂਸਰਿਆਂ ਦੇ ਮੰਜਿਆਂ ਤੇ ਬੈਠਿਆਂ ਤੋਂ ਉਹਨਾਂ ਦੇ ਪਿਛੇ ਜਾਂ ਨੀਵੇਂ ਥਾਂ ਜਾਂ ਥੱਲੇ ਬੈਠ ਕੇ ਜਾਂ ਪੈਂਦ ਵੱਲ ਬਹਿ ਕੇ ਕਦੇ ਵੀ ਪਾਠ ਨਹੀਂ ਕਰਨਾ। ਸਿਰ੍ਹਾਣੇ ਵੱਲ ਬੈਠ ਕੇ ਪਾਠ ਕਰਨਾ ਹੈ। ਵਿਦਿਆਰਥੀਆਂ ਨੂੰ ਸੰਥਿਆ ਕਰਾਉਣ ਵਾਲਾ ਸਿਰਹਾਣੇ ਜਾਂ ਉੱਚੀ ਥਾਂ 'ਤੇ ਨਾ ਬੈਠੇ, ਗੁਰਬਾਣੀ ਦੀਆਂ ਪੋਥੀਆਂ, ਗੁਟਕੇ, ਦਸਮ ਗ੍ਰੰਥ ਦੀ ਬਾਣੀ, ਭਾਈ ਗੁਰਦਾਸ ਜੀ ਦੀ ਬਾਣੀ ਦਾ ਵੱਧ ਤੋਂ ਵੱਧ ਸਤਿਕਾਰ ਕਰਨਾ ਅਤੇ ਕਰਾਉਣਾ ਚਾਹੀਦਾ ਹੈ ਅਤੇ ਗੁਰਮਤਿ ਬਾਰੇ ਹੋਰ ਜਿੰਨੇ ਵੀ ਗ੍ਰੰਥ ਹੋਵਣ ਸਭ ਦਾ ਸਤਿਕਾਰ ਕਰਨਾ ਹੈ। ਆਮ ਪੁਸਤਕਾਂ ਗੁਰਬਾਣੀ ਵਿਚ ਨਹੀਂ ਰੱਖਣੀਆਂ ਚਾਹੀਦੀਆਂ। ਪੈਰੀਂ ਜੁੱਤੀ ਪਾ ਕੇ ਤੇ ਨੰਗੇ ਸਿਰ ਕਦੇ ਵੀ ਗੁਟਕਾ ਨਹੀਂ ਪੜ੍ਹਨਾ ਚਾਹੀਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕਿਸੇ ਚੀਜ਼ ਦੀ ਨਿਸ਼ਾਨੀ ਨਹੀਂ ਰੱਖਣੀ। ਗੁਰਬਾਣੀ ਦੇ ਗੁਟਕੇ ਜਾਂ ਪੋਥੀਆਂ ਸੋਹਣੀ ਤੇ ਉੱਚੀ ਜਗ੍ਹਾ ਤੇ ਰੱਖਣੀਆਂ ਚਾਹੀਦੀਆਂ ਹਨ, ਜਿਸ ਪਾਸੇ ਵੱਲ ਪੈਰ ਜਾਂ ਪਿੱਠ ਨਾ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਤੇ ਤਸਵੀਰਾਂ ਵਾਲਾ ਰੁਮਾਲਾ ਨਹੀਂ ਸਜਾਉਣਾ ਚਾਹੀਦਾ। ਕੀਮਤੀ, ਸੁੰਦਰ, ਸਾਫ਼ ਸੁਥਰੇ ਰੁਮਾਲੇ ਭੇਟਾ ਕਰਨੇ ਚਾਹੀਦੇ ਹਨ। ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਮਿੱਟੀ ਦਾ ਤੇਲ ਪਾ ਕੇ ਚਾਨਣ ਨਹੀਂ ਕਰਨਾ ਚਾਹੀਦਾ। ਜਿਸ ਵੇਲੇ ਕੋਈ ਗੁਰਮੁਖ ਟੇਪ ਰਿਕਾਰਡ ਜਾਂ ਰੇਡੀਓ ਤੋਂ ਗੁਰਬਾਣੀ ਸੁਣ ਰਿਹਾ ਹੋਵੇ ਤਾਂ ਰੇਡੀਓ ਆਦਿ ਨੂੰ ਗੁਰਬਾਣੀ ਦੇ ਸਤਿਕਾਰ ਵਜੋਂ ਆਪਣੇ ਨਾਲੋਂ ਉੱਚੇ ਅਸਥਾਨ 'ਤੇ ਰੱਖਣਾ ਚਾਹੀਦਾ ਹੈ। ਜਿਨ੍ਹਾਂ ਅਖ਼ਬਾਰਾਂ ਰਸਾਲਿਆਂ, ਕਿਤਾਬਾਂ ਆਦਿ ਤੇ ਸ਼ਬਦ ਲਿਖੇ ਹੋਣ ਉਹਨਾਂ ਨੂੰ ਲਫ਼ਾਫ਼ਿਆਂ ਆਦਿ ਦੀ ਰੱਦੀ ਵਿਚ ਨਹੀਂ ਲਿਆਉਣਾ ਅਤੇ ਪੈਰਾਂ ਹੇਠ ਨਹੀਂ ਰੁਲਣ ਦੇਣਾ ਚਾਹੀਦਾ। ਨਾ ਸਾਂਭੇ ਜਾਣ ਦੀ ਸੂਰਤ ਵਿਚ ਅਗਨ-ਭੇਟ ਕਰ ਦੇਣੇ ਚਾਹੀਦੇ ਹਨ।

ਜੰਗਲ-ਮੈਦਾਨ ਵਾਲੇ ਬਸਤਰ ਮਹਾਰਾਜ ਦੀ ਤਾਬਿਆ ਨਹੀਂ ਲਿਜਾਣੇ। ਟੱਟੀ (ਜੰਗਲ-ਮੈਦਾਨ) ਆਦਿ ਉਪ੍ਰੰਤ ਘੱਟੋ ਘੱਟ ਪੰਜ ਵਾਰ ਮਿੱਟੀ, ਸੁਆਹ ਜਾਂ ਰੇਤ ਨਾਲ ਹੱਥ ਮਾਂਜਣੇ ਜ਼ਰੂਰੀ ਹਨ ਅਤੇ ਬਰਤਨ (ਭਾਂਡੇ) ਵੀ ਸੁਆਹ ਜਾਂ ਮਿੱਟੀ ਨਾਲ ਮਾਂਜਣੇ ਚਾਹੀਦੇ ਹਨ ਅਤੇ ਸਰਫ਼ ਨਾਲ ਸਾਫ਼ ਕਰਕੇ ਨਹੀਂ ਸਾਰਨਾ ਚਾਹੀਦਾ। ਦਾਤਣ ਹਰ ਰੋਜ ਜ਼ਰੂਰੀ ਕਰਨੀ ਹੈ ਅਤੇ ਪਾੜ ਕੇ ਸੁੱਟਣੀ ਹੈ। ਪਿਸ਼ਾਬ ਕਰਕੇ ਜਲ ਨਾਲ ਹੱਥ ਸਾਫ਼ ਕਰਨੇ ਅਤਿਅੰਤ ਜ਼ਰੂਰੀ ਹਨ। ਸ਼ਸਤਰਾਂ ਦਾ ਵੱਧ ਤੋਂ ਵੱਧ ਸਤਿਕਾਰ ਕਰਨਾ ਹੈ। ਪੈਰਾਂ ਵੱਲ ਸ਼ਸਤਰ ਨਹੀਂ ਰੱਖਣੇ।

ਜਾਗਤ ਜੋਤ ਜਪੈ ਨਿਸਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹ ਏਕ ਪਛਾਨੈ ॥
ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ ॥੧॥

*(ਦਸਮ ਅੰਗ ੨੧੨)*

ਕਿਸੇ ਪੀਰ ਫ਼ਕੀਰ ਦੀ ਕਬਰ ਅਤੇ ਮੜ੍ਹੀ ਜਾਂ ਗੁੱਗਾ, ਮਾਤਾ ਰਾਣੀ ਆਦਿਕ ਅੱਗੇ ਚੜ੍ਹਿਆ ਪ੍ਰਸ਼ਾਦਿ ਨਹੀਂ ਖਾਣਾ।

ਜਹਾਂ ਤਹਾਂ ਕਾ ਖਾਇ ਪ੍ਰਸਾਦਿ ਸੋ ਸਿਖ ਨਾਹੀ ਆਦਿ ਜੁਗਾਦਿ ॥

ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਮੰਨਣਾ ਅਤੇ ਮੱਥਾ ਨਹੀਂ ਟੇਕਣਾ। ਜਠੇਰੇ ਆਦਿਕਾਂ ਨੂੰ ਨਹੀਂ ਮੰਨਣਾ। ਘਰਾਂ ਵਿਚ ਗੰਦੀਆਂ ਫੋਟੋਆਂ ਨਹੀਂ ਲਾਉਣੀਆਂ। ਸੂਰਬੀਰਾਂ, ਭਗਤਾਂ ਅਤੇ ਸਤਿਗੁਰਾਂ ਦੀਆਂ ਫੋਟੋਆਂ ਲਾਉਣੀਆਂ ਹਨ ਅਤੇ ਫੋਟੋਆਂ ਪੈਰਾਂ ਵੱਲ ਨਾ ਹੋਣ। ਗੁਰਦੁਆਰਿਆਂ ਜਾਂ ਘਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੂਹਰਲੇ ਪਾਸੇ ਕੋਈ ਵੀ ਫੋਟੋ ਨਹੀਂ ਰੱਖਣੀ ਚਾਹੀਦੀ। ਅੰਮ੍ਰਿਤਧਾਰੀ ਸਿੰਘ ਵਾਸਤੇ ਜ਼ਰੂਰੀ ਹੈ ਕਿ ਅੰਮ੍ਰਿਤਧਾਰੀ ਸਿੰਘ ਜਾਂ ਬੀਬੀ ਦਾ ਪੂਰਾ ਨਾਂ ਲੈ ਕੇ ਬੁਲਾਉਣਾ ਚਾਹੀਦਾ ਹੈ। ਅੱਧਾ ਜਾਂ ਉਲਟਾ ਨਾਂ ਲੈਣ ਵਾਲਾ ਤਨਖਾਹੀਆ ਹੈ (ਅਨੰਦ ਕਾਰਜ ਵਾਲੇ ਕਾਰਡਾਂ 'ਤੇ ਵੀ ਬੀਬੀ ਤੇ ਸਿੰਘ ਦਾ ਪੂਰਾ ਨਾਂ ਲਿਖਣਾ ਚਾਹੀਦਾ ਹੈ।

ਆਗੈ ਆਵਤ ਸਿੰਘ ਜੋ ਪਾਵੈ ॥
ਵਾਹਿਗੁਰੂ ਕੀ ਫ਼ਤਹਿ ਬੁਲਾਵੈ ॥

ਅੰਮ੍ਰਿਤਧਾਰੀ ਸਿੰਘ ਜਾਂ ਬੀਬੀ ਜਦੋਂ ਆਪਸ ਵਿਚ ਮਿਲਣ, ਇਕ ਦੂਜੇ ਨੂੰ ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ, ਬੁਲਾਉਣੀ ਹੈ।

ਚੌਂਕੇ ਵਿਚ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨ ਵਾਲੀ ਥਾਂ 'ਤੇ ਗੋਹੇ ਦਾ ਪੋਚਾ ਕਦੇ ਵੀ ਨਹੀਂ ਫੇਰਨਾ। ਅੰਮ੍ਰਿਤਧਾਰੀ ਬੀਬੀਆਂ ਨੇ ਤੀਆਂ 'ਚ ਨਹੀਂ ਜਾਣਾ ਅਤੇ ਗਿੱਧਾ ਨਹੀਂ ਪਾਉਣਾ ਬੀਬੀਆਂ ਨੇ ਮਾਂਹਵਾਰੀ ਆਈ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਬੈਠ ਕੇ ਪਾਠ ਜਾਂ ਚੌਰ ਨਹੀਂ ਕਰਨਾ। ਜਿਹੜੇ ਮਨੁੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਹਜ਼ੂਰੀ ਵਿਚ

ਗੱਦੀ ਲਾ ਕੇ ਬੈਠਦੇ ਹਨ ਜਾਂ ਮੱਥਾ ਟਿਕਾਉਂਦੇ ਹਨ ਜਾਂ ਭੂਤਨੇ ਕੱਢਦੇ ਹਨ, ਖਾਲਸੇ ਨੇ ਇਹਨਾਂ ਮਨਮੁਖੀਆਂ ਤੋਂ ਸੁਚੇਤ ਰਹਿਣਾ ਹੈ।

ਖਾਲਸਾ ਜੀ ! ਆਪਣੀ ਧਰਮ ਦੀ ਕਿਰਤ ਵਿਚੋਂ ਗੁਰੂ ਘਰ ਵਾਸਤੇ ਦਸਵੰਧ ਕੱਢਣਾ ਜ਼ਰੂਰੀ ਹੈ, ਇਸੇ ਤਰ੍ਹਾਂ ਖਾਲਸੇ ਨੇ ਸਮੇਂ ਵਿਚੋਂ ਵੀ ਦਸਵੰਧ ਕੱਢਣਾ ਹੈ। ਭਜਨ ਸਿਮਰਨ ਵਾਸਤੇ ਚੌਵੀ ਘੰਟਿਆਂ ਵਿਚੋਂ ਢਾਈ ਘੰਟੇ ਦਸਵੰਧ ਦੇ ਕੱਢਣੇ ਜ਼ਰੂਰੀ ਹਨ। ਦਸਾਂ ਪਾਤਸ਼ਾਹੀਆਂ ਦੇ ਨਾਮ, ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ ਅਤੇ ਪੰਜਾਂ ਤਖ਼ਤ ਸਾਹਿਬਾਨ ਦੇ ਨਾਮ ਜ਼ਬਾਨੀ ਯਾਦ ਕਰਨੇ ਚਾਹੀਦੇ ਹਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਅਤੇ ਸਹਿਜ ਪਾਠ ਦੀ ਸੰਖੇਪ ਮਰਯਾਦਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ, ਇਕ ਥਾਂ ਤੋਂ ਦੂਜੇ ਥਾਂ ਲੈ ਜਾਣ ਵੇਲੇ, ਘੱਟੋ ਘੱਟ ਪੰਜ ਸਿੰਘ ਹੋਣੇ ਚਾਹੀਦੇ ਹਨ। ਨਾਲ ਘੜਿਆਲ ਆਦਿ ਵਜਾਉਣਾ ਚਾਹੀਦਾ ਹੈ। ਅੱਗੇ ਅੱਗੇ ਪਾਣੀ ਛਿੜਕਣਾ ਚਾਹੀਦਾ ਹੈ। ਜੇ ਕਾਰ ਆਦਿਕ ਹੋਵੇ ਤਾਂ ਜਲ ਦਾ ਗੜਵਾ ਵਿਚ ਰੱਖ ਲੈਣਾ ਚਾਹੀਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਸਥਾਨ ਅਤੇ ਦੇਗ ਬਣਨ ਵਾਲੀ ਥਾਂ 'ਤੇ ਸਿਰਫ਼ ਪਰੋਲਾ (ਮਿੱਟੀ) ਫੇਰਨੀ ਚਾਹੀਦੀ ਹੈ, ਵਿਚ ਗੋਹਾ ਨਹੀਂ ਪਾਉਣਾ। ਜੇ ਪੱਕਾ ਫ਼ਰਸ਼ ਹੋਵੇ ਤਾਂ ਇਸ਼ਨਾਨ ਕਰਾਉਣਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਸਥਾਨ ਉੱਪਰ ਸੁੰਦਰ ਚੰਦੋਆ ਹੋਵੇ, ਜੇ ਪਾਲਕੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ ਤਾਂ ਇਕ ਛੋਟਾ ਚੰਦੋਆ ਪਾਲਕੀ ਦੇ ਵਿਚ ਹੋਵੇ ਅਤੇ ਵੱਡਾ ਚੰਦੋਆ ਪਾਲਕੀ ਉੱਪਰ ਛੱਤ ਕੋਲ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਿਜ ਪਾਠ ਅਰੰਭ ਕਰਨ ਵੇਲੇ ਅਤੇ ਭੋਗ ਵੇਲੇ ਦੇਸੀ ਘਿਉ ਦੀ ਦੇਗ਼ ਹੋਵੇ। ਅਰੰਭ ਵੇਲੇ, ਅਰਦਾਸ ਅਤੇ ਸ੍ਰੀ ਮੁਖਵਾਕ ਤੋਂ ਉਪਰੰਤ ਘਟੋ ਘੱਟ ਸ੍ਰੀ ਜਪੁਜੀ ਸਾਹਿਬ ਦੀਆਂ ਪੰਜ ਪਉੜੀਆਂ ਪੜ੍ਹ ਕੇ ਦੇਗ਼ ਵਰਤਾਉਣੀ। ਭੋਗ ਵੇਲੇ ਰਾਗਮਾਲਾ ਤੋਂ ਉਪਰੰਤ ਸ੍ਰੀ ਜਪੁਜੀ ਸਾਹਿਬ ਦੀਆਂ ਪੰਜ ਪਉੜੀਆਂ ਅਤੇ ਅਖ਼ੀਰਲਾ ਸਲੋਕ ਪੜ੍ਹ ਕੇ ਅਰਦਾਸ ਕਰਨੀ ਚਾਹੀਦੀ ਹੈ।

ਅਰਦਾਸੀਆ ਜਦੋਂ ਇਹ ਤੁਕ ਪੜ੍ਹੇ:

ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿ ਰਾਇ॥

ਉਸ ਵੇਲੇ ਕ੍ਰਿਪਾਨ ਭੇਟ ਕਰਨੀ ਚਾਹੀਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਰੁਮਾਲਾ ਦੇਣ ਵੇਲੇ:

ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ॥

ਇਹ ਸ਼ਬਦ ਨਹੀਂ ਪੜ੍ਹਨਾ ਚਾਹੀਦਾ। ਜਦੋਂ ਗੁਰੂ ਘਰ ਵੱਲੋਂ ਕਿਸੇ ਪ੍ਰੇਮੀ ਨੂੰ ਸਿਰੋਪਾਉ ਮਿਲੇ ਤਾਂ ਉਸ ਵੇਲੇ ਉਸ ਪ੍ਰੇਮੀ ਨੂੰ ਇਹ ਸ਼ਬਦ ਪੜ੍ਹਨਾ ਚਾਹੀਦਾ ਹੈ। ਸ੍ਰੀ ਅਖੰਡ ਪਾਠ ਦੇ ਆਰੰਭ ਦੀ ਅਰਦਾਸ ਅਤੇ ਸ੍ਰੀ ਮੁਖਵਾਕ ਲੈਣ ਤੋਂ ਉਪਰੰਤ ਗ੍ਰੰਥੀ ਸਿੰਘ ਨੇ ਸੰਗਤ ਤੋਂ ਪਾਠ ਆਰੰਭ ਕਰਨ ਦੀ ਆਗਿਆ ਨਹੀਂ ਮੰਗਣੀ ਅਤੇ ਨਾ ਹੀ ਫ਼ਤਹਿ ਬੁਲਾਉਣੀ। ਸ੍ਰੀ ਮੁਖਵਾਕ ਲੈ ਕੇ ਸ੍ਰੀ ਅਖੰਡ ਪਾਠ ਉਸੇ ਵੇਲੇ ਹੀ ਆਰੰਭ ਕਰਨਾ ਹੈ ਅਤੇ ਸ੍ਰੀ ਜਪੁਜੀ ਸਾਹਿਬ ਸੰਪੂਰਨ ਹੋਣ ਤੋਂ ਦੇਗ ਵਰਤਾਉਣੀ ਹੈ।

ਜੈਤਸਰੀ ਦੀ ਵਾਰ ਦੇ ਅਰੰਭ ਨਾਲ ਹੀ ਸ੍ਰੀ ਅਖੰਡ ਪਾਠ ਦੇ ਮਧ ਦੀ ਅਰਦਾਸ ਅਰੰਭ ਹੋਣੀ ਚਾਹੀਦੀ ਹੈ। ਸ੍ਰੀ ਅਖੰਡ ਪਾਠ ਦੇ ਭੋਗ ਵੇਲੇ ਰਾਗਮਾਲਾ ਅਤੇ ਸ੍ਰੀ ਜਪੁਜੀ ਸਾਹਿਬ ਪੜ੍ਹ ਕੇ ਫਤਹਿ ਜਾਂ ਜੈਕਾਰਾ ਨਹੀਂ ਬੁਲਾਉਣਾ, ਉਸੇ ਵੇਲੇ ਹੀ ਅਰਦਾਸ ਅਰੰਭ ਕਰ ਦੇਣੀ ਚਾਹੀਦੀ ਹੈ। ਅਰਦਾਸ ਤੋਂ ਉਪਰੰਤ ਸ੍ਰੀ ਮੁਖਵਾਕ ਲੈ ਕੇ ਹੀ ਫ਼ਤਹਿ ਬੁਲਾਉਣੀ ਚਾਹੀਦੀ ਹੈ। ਸ਼ਬਦ ਕੀਰਤਨ ਜਾਂ ਕਥਾ ਪ੍ਰਚਾਰ ਕਰਨਾ ਚਾਹੀਦਾ ਹੈ। ਜੇ ਆਰਤੀ ਦੇ ਸ਼ਬਦ ਪੜ੍ਹਨੇ ਹੋਣ ਤਾਂ ਦੀਵੇ ਨਹੀਂ ਜਗਾਉਣੇ।

ਸ੍ਰੀ ਅਖੰਡ ਪਾਠ ਨਾਲ ਸ੍ਰੀ ਜਪੁਜੀ ਸਾਹਿਬ ਦਾ ਪਾਠ ਜ਼ਰੂਰ ਹੋਣਾ ਚਾਹੀਦਾ ਹੈ। ਕੁੰਭ ਉਤੇ ਨਾਲੀਏਰ ਚਿੱਟੇ ਜਾਂ ਖੱਟੇ ਕੱਪੜੇ ਵਿਚ ਹੀ ਲਪੇਟ ਕੇ ਰੱਖਣਾ ਹੈ, ਲਾਲ ਕੱਪੜੇ ਵਿਚ ਨਹੀਂ। ਨਾ ਹੀ ਕੁੰਭ ਅਤੇ ਨਾਲੀਏਰ ਉਤੇ ਮੌਲੀ ਬੰਨ੍ਹਣੀ ਹੈ। ਧੂਪ ਅਤੇ ਅਤਰ ਆਦਿਕ ਦੀ ਖ਼ੁਸ਼ਬੂ ਜ਼ਰੂਰ ਕਰਨੀ ਚਾਹੀਦੀ ਹੈ। ਰਾਤ ਨੂੰ ਚਾਨਣ ਵਾਸਤੇ ਦੇਸੀ ਘਿਉ ਦੀਆਂ ਜੋਤਾਂ ਹੋਣ, ਮਿੱਟੀ ਦੇ ਤੇਲ ਦਾ ਲੈਂਪ ਜਾਂ ਗੈਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿਚ ਨਹੀਂ ਜਗਾਉਣਾ ਚਾਹੀਦਾ। ਕੋਈ ਵੀ ਪਾਠੀ ਸਿੰਘ ਬੇ-ਅੰਮ੍ਰਿਤੀਆ ਤੇ ਕੁਰਹਿਤੀਆ ਨਾ ਹੋਵੇ।

ਪਾਠੀ ਸਿੰਘਾਂ ਦੇ ਬਸਤਰ ਧੋਤੇ ਹੋਏ ਹੋਣ ਅਤੇ ਇਸ਼ਨਾਨ ਕਰਨਾ ਜ਼ਰੂਰੀ ਹੈ। ਅਠਤਾਲੀ ਘੰਟਿਆਂ ਦੇ ਅੰਦਰ ਹੀ ਸ੍ਰੀ ਅਖੰਡ ਪਾਠ ਸੰਪੂਰਨ ਹੋਣਾ

ਚਾਹੀਦਾ ਹੈ।

ਗ੍ਰੰਥੀ ਸਿੰਘ, ਅੰਮ੍ਰਿਤਧਾਰੀ, ਸ਼ਰਧਾ ਵਾਲਾ, ਨਿਤਨੇਮੀ ਅਤੇ ਗੁਰਮਤਿ ਦਾ ਜਾਣੂ ਹੋਵੇ।

ਪਾਠੀਆਂ ਦੀ ਭੇਟਾ ਵੀ ਸਮੇਂ ਮੁਤਾਬਿਕ ਗੁਜ਼ਾਰੇ ਜੋਗੀ ਹੋਣੀ ਚਾਹੀਦੀ ਹੈ। ਜੇ ਘਰ ਵਾਲੇ ਸ਼ਰਧਾ ਨਾਲ ਆਪ ਪਾਠ ਸੁਣਨ ਅਤੇ ਹੱਥੀਂ ਆਪ ਸੇਵਾ ਕਰਨ। ਪਾਠੀ ਸਿੰਘ ਵੀ ਜੇ ਸ਼ਰਧਾ ਨਾਲ, ਸ਼ੁੱਧ ਪਾਠ ਕਰਨ ਤਾਂ ਬੇਅੰਤ ਬੇਅੰਤ ਫ਼ਲ ਹੈ।

**ਯਥਾ : ਕਈ ਕੋਟਿਕ ਜਗ ਫਲਾ ਸੁਣ ਗਾਵਣਹਾਰੇ ਰਾਮ ॥**

**ਅਥਵਾ : ਕੋਟਿ ਪੁੰਨ ਸੁਣਿ ਹਰਿ ਕੀ ਬਾਣੀ ॥**

***ਨੋਟ :*** ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸਮੇਸ਼ ਪਿਤਾ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ (ਗੁਰੂ ਕੀ ਕਾਸ਼ੀ) ਵਿਖੇ ਸੰਮਤ ੧੭੬੨ ਕੱਤਕ ਸੁਦੀ ਪੂਰਨਮਾਸ਼ੀ ਤੋਂ ਅਰੰਭ ਕਰਕੇ ੧੭੬੩ ਬਿਕ੍ਰਮੀ ੨੩ ਸਾਵਣ ਤਕ ਨੌਂ ਮਹੀਨੇ ਨੌਂ ਦਿਨਾਂ ਵਿਚ ੧ਓ ਤੋਂ ਅਠਾਰਹ ਦਸ ਬੀਸ ਤਕ ਸਾਰੀ ਧੁਰਿ ਕੀ ਬਾਣੀ ਕੰਠੋਂ ਉਚਾਰ ਕੇ ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਲਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਤਿਆਰ ਕਰਵਾ ਕੇ ਬਾਬਾ ਦੀਪ ਸਿੰਘ ਤੇ ਭਾਈ ਮਨੀ ਸਿੰਘ ਸਮੇਤ ੪੮ ਸਿੰਘਾਂ ਨੂੰ ਨਾਲ ਨਾਲ ਗੁਰਬਾਣੀ ਦੇ ਅਰਥ ਪੜ੍ਹਾ ਕੇ ਬ੍ਰਹਮ ਵਿੱਦਿਆ ਬਖ਼ਸ਼ਿਸ਼ ਕੀਤੀ ਸੀ।

ਫਿਰ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜਾ ਕੇ ਸਤਿਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਬਖ਼ਸ਼ ਕੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਭੇਜਿਆ। ਇੱਥੇ ਆ ਕੇ ਭਾਈ ਸਾਹਿਬ ਜੀ ਨੇ ਅਰਥਾਂ ਦੀ ਟਕਸਾਲ ਚਲਾਈ ਅਤੇ ਬਾਬਾ ਦੀਪ ਸਿੰਘ ਜੀ ਨੇ ਹੁਕਮ ਮੰਨ ਕੇ ਸ੍ਰੀ ਦਮਦਮਾ ਸਾਹਿਬ ਆ ਕੇ ਗੁਰਬਾਣੀ ਦੇ ਅਰਥਾਂ ਦੀ ਟਕਸਾਲ ਚਲਾਈ। ਇਹ ਦੋਵੇਂ ਟਕਸਾਲਾਂ ਹੁਣ ਤਕ ਸੀਨੇ-ਬਸੀਨੇ ਬ੍ਰਹਮ ਗਿਆਨੀਆਂ ਦੁਆਰਾ ਚੱਲੀਆਂ ਆ ਰਹੀਆਂ ਹਨ। ਇਸ ਲਈ ਇਸ ਦੱਸੀ ਗਈ ਗੁਰਮਤਿ ਰਹਿਤ ਮਰਯਾਦਾ ਨੂੰ ਹਿਰਦੇ ਵਿਚ ਧਾਰਨ ਕਰਕੇ ਕਲਗੀਧਰ ਪਿਤਾ ਦੇ ਹੁਕਮ ਨੂੰ ਮੰਨਦਿਆਂ ਹੋਇਆਂ ਆਪਣਾ ਜੀਵਨ ਸਫਲ ਕਰੋ।

ਵਿਸਥਾਰ ਸਹਿਤ *ਗੁਰਮਤਿ ਰਹਿਤ ਮਰਯਾਦਾ ਗੁਰਬਾਣੀ ਪਾਠ ਦਰਪਣ* ਅਤੇ *ਖ਼ਾਲਸਾ ਜੀਵਨ* ਵਿਚੋਂ ਪੜ੍ਹੋ ਜੀ।

## ੩. ਹਲਾਲ (ਕੁੱਠਾ)

ਮੁਸਲਮਾਨਾਂ ਦੇ ਕਲਮਾਂ ਪੜ੍ਹ ਕੇ ਕੋਹ ਕੋਹ ਕੇ ਮਾਰੇ ਹੋਏ ਜਾਨਵਰ ਦੇ ਮਾਸ ਨੂੰ ਕੁੱਠਾ ਕਿਹਾ ਜਾਂਦਾ ਹੈ, ਜਿਸ ਦੇ ਖਾਣ ਦੀ ਗੁਰੂ ਘਰ ਵਿਚ ਸਖ਼ਤ ਮਨਾਹੀ ਹੈ, ਇਹ ਬੱਜਰ ਕੁਰਹਿਤ ਹੈ, ਪਤਿਤ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਾਂ ਕਿਤੇ ਵੀ ਕਿਸੇ ਕਿਸਮ ਦੇ ਮਾਸ ਖਾਣ ਦੀ ਆਗਿਆ ਨਹੀਂ ਹੈ। ਜਿਸ ਜਾਨਵਰ ਨੂੰ ਕੋਈ ਮਾਰ ਕੇ ਖਾਵੇ ਉਸੇ ਜੂਨ ਵਿਚ ਪੈ ਕੇ ਮਾਸ ਖਾਣ ਦਾ ਬਦਲਾ ਚੁਕਾਉਣਾ ਪੈਂਦਾ ਹੈ:

**ਯਥਾ:** **ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥**
**ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥** *(ਅੰਗ ੧੩੭੪)*

ਖਾਲਸਾ ਬੀਰ ਰੂਪ ਹੈ, ਖਾਲਸਾ ਵੈਸ਼ਨੋ ਭੀ ਨਹੀਂ ਹੈ ਤੇ ਨਾ ਹੀ ਕਸਾਈਪੁਣਾ ਕਰਦਾ ਹੈ। ਮਹਾਰਾਜ ਜੀ ਆਪ ਸ਼ਿਕਾਰ ਖੇਡ ਕੇ ਜੀਵਾਂ ਨੂੰ ਮੁਕਤ ਕਰਦੇ ਸਨ। ਸਾਡੇ ਵਿਚ ਤਾਂ ਆਪ ਮੁਕਤ ਹੋਣ ਦੀ ਵੀ ਸਮਰੱਥਾ ਨਹੀਂ ਹੈ, ਹੋਰ ਕਿਸੇ ਨੂੰ ਤਾਂ ਕੀ ਮੁਕਤ ਕਰ ਸਕਦੇ ਹਾਂ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਵਿਚ ਰਹਿੰਦੇ ਸਨ। ਉਸ ਸਮੇਂ ਦਾ ਜ਼ਿਕਰ ਆਉਂਦਾ ਹੈ ਕਿ ਇਕ ਕਾਜ਼ੀ ਕੁੱਕੜੀ ਵੱਢ ਰਿਹਾ ਸੀ ਤਾਂ ਗਰਮ ਗਰਮ ਕੁੱਕੜੀ ਉਸ ਦੇ ਹੱਥੋਂ ਛੁਟ ਗਈ ਜਿਸ ਕਰਕੇ ਉਸ ਦੇ ਚੋਲੇ ਤੇ ਲਹੂ ਦੀ ਛਿਟ ਪੈ ਗਈ। ਕਾਜ਼ੀ ਆਪਣੇ ਨੌਕਰ ਨੂੰ ਆਖਣ ਲੱਗਾ ਚੋਲਾ ਪਲੀਤ ਹੋ ਗਿਆ, ਨਵਾਂ ਚੋਲਾ ਲਿਆ। ਤਾਂ ਸਤਿਗੁਰੂ ਜੀ ਨੇ ਕਾਜ਼ੀ ਦੇ ਪ੍ਰਥਾਇ ਸ਼ਬਦ ਉਚਾਰਿਆ:

**ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥**
**ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲ ਚੀਤੁ ॥** *(ਅੰਗ ੧੪੦)*

ਹੇ ਕਾਜ਼ੀ! ਜੇ ਤੇਰਾ ਚੋਲਾ ਲਹੂ ਦੀ ਛਿਟ ਪੈਣ ਕਰਕੇ ਪਲੀਤ ਹੋ ਗਿਆ ਹੈ ਤਾਂ ਏਡੀ ਕੁੱਕੜੀ ਖਾ ਕੇ ਤੇਰਾ ਮਨ ਕਿਵੇਂ ਪਵਿੱਤਰ ਰਹਿ ਸਕਦਾ ਹੈ?

ਛੱਤੀ ਪਦਾਰਥਾਂ ਦੇ ਹੁੰਦਿਆਂ ਜ਼ਬਾਨ ਦੇ ਸੁਆਦ ਵਾਸਤੇ ਮਾਸ ਖਾਣਾ ਬਿਲਕੁਲ ਵਿਵਰਜਤ ਹੈ; ਮਾਸ ਖਾਣ ਨਾਲ ਬੁੱਧੀ ਪਸ਼ੂ ਵਰਗੀ ਹੋ ਜਾਂਦੀ ਹੈ। ਬਾਣੀ ਪੜ੍ਹਨ ਤੋਂ ਮਨ ਆਲਸ ਕਰਦਾ ਹੈ। ਬਾਬਾ ਦੀਪ ਸਿੰਘ ਜੀ ਨੇ ਕੱਚੇ ਬੇਰ ਖਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਸਰੂਪ ਲਿਖੇ ਸਨ ਜੋ ਵੱਖ ਵੱਖ ਤਖ਼ਤਾਂ